**(Meeting held on 1-9-2010)**

## INDEX



| ਆਈਟਮ ਨੰ: | ਵਿਸ਼ਾ | ਪੰਨਾ ਨੰ: |
|---|---|---|
| 59.01 | ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ 58ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ। | 2-9 |
| 59.02 | ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ ਮਿਤੀ 16-04-2010 ਨੂੰ ਹੋਈ 58ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਬਾਰੇ ਕੀਤੀ ਗਈ ਕਾਰਵਾਈ ਬਾਰੇ ਮੱਦ ਵਾਰ ਵਿਵਰਣ। | 10-13 |
| 59.03 | ਸ਼ਹਿਰੀ ਮਿਲਖ ਗੁਰਦਾਸਪੁਰ ਵਿਖੇ ਰਿਹਾਇਸ਼ੀ ਪਲਾਟਾਂ ਦੇ ਰੇਟ ਨਿਰਧਾਰਤ ਕਰਨ ਬਾਰੇ । | 14-17 |
| 59.04 | ਦੰਗਾ ਪੀੜਤਾਂ ਨੂੰ ਪਟਿਆਲਾ ਵਿਖੇ 200 ਬੂਥ ਸਾਈਟਾਂ ਦੀ ਅਲਾਟਮੈਂਟ ਕਰਨ ਲਈ ਅਰਜੀਆਂ ਮੰਗਣ ਲਈ ਸ਼ਰਤਾਂ ਦੀ ਪ੍ਰਵਾਨਗੀ ਸਬੰਧੀ। | 18-27 |

**ਅਜੰਡਾ ਆਈਟਮ ਨੰ: 59.01**
**(ਤਾਲਮੇਲ ਸ਼ਾਖਾ)**

**ਵਿਸ਼ਾ:-** **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ 58ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ ਮਿਤੀ: 16.4.2010 ਨੂੰ ਹੋਈ 58ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਸਬੰਧੀ ਕਾਰਵਾਈ (ਪ੍ਰੋਸੀਡਿੰਗ) (ਅਨੁੱਲਗ-ੳ) ਪੱਤਰ ਨੰ: ਪੁੱਡਾ-ਤਾਲਮੇਲ ਸਾਖਾ-ਸ-1/2010/10427-31 ਮਿਤੀ: 26.4.2010 ਰਾਹੀਂ ਵਿੱਤ ਤੇ ਲੇਖਾ ਕਮੇਟੀ ਦੇ ਮੈਂਬਰ ਸਾਹਿਬਾਨਾ ਨੂੰ ਸੂਚਨਾ ਹਿੱਤ ਜਾਰੀ ਕਰ ਦਿੱਤਾ ਗਿਆ ਸੀ।

ਵਿੱਤ ਤੇ ਲੇਖਾ ਕਮੇਟੀ ਦੇ ਮੈਂਬਰ ਸਾਹਿਬਾਨ ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਜੀ ਵਲੋਂ ਮੱਦ ਨੰ: 58.04 ਅਤੇ 58.06 ਸਬੰਧੀ ਇਤਰਾਜ/ਤਜਵੀਜ ਉਨਾਂ ਦੇ ਦਫਤਰੀ ਨੋਟ ਮਿਤੀ 28.4.2010 (ਅਨੁੱਲਗ-ਅ) ਰਾਹੀਂ ਪ੍ਰਾਪਤ ਹੋਏ ਹਨ, ਜੋ ਹੇਠ ਲਿਖੇ ਅਨੁਸਾਰ ਦਰਜ ਹਨ:-

Item No. 58.04

*It was pointed out that an amount of Rs. 91.46 crore has been reflected as interest received by PUDA from the State Government. Actually, no such amount has been paid in cash. Thus, reflecting this in the books of account is not consistent with the method of accounting, which is stated to be on cash basis.*

*Moreover, this shall unnecessarily inflate the profit of PUDA and potentially lead to a higher Income Tax liability.*

*This entry thus calls for a review.*

*This shall equally apply to the item No. 41.19 of the PUDA's Authority meeting.*

*It was also decided that PUDA shall actively review the refund of application fee money deposited by the general public. This amount is Rs. 58.82 crore was per the balance sheet (Schedule C). Retaining this inordinately may not only raise an interest liability but also cast an onus on PUDA to sell the plots, if any, developed at old rates.*

Item No. 58.06

It was decided that PUDA shall endeavour to retain the revenue expenditure within the budgeted amount and also try and effect the Capital Expenditure up to the full budgeted amount, on duly sanctioned protects.

PUDA shall also endeavour to expedite the disposal of OUVGL properties.

This shall equally apply to the corresponding item of the PUDA's Authority meeting.

ਉਪਰੋਕਤ ਤੋਂ ਇਲਾਵਾ ਵਿੱਤ ਤੇ ਲੇਖਾ ਕਮੇਟੀ ਦੇ ਹੋਰ ਕਿਸੇ ਮੱਦ ਬਾਰੇ ਵਿੱਤ ਤੇ ਲੇਖਾ ਕਮੇਟੀ ਦੇ ਕਿਸੇ ਵੀ ਮੈਂਬਰ ਸਾਹਿਬਾਨ ਜੀ ਵਲੋਂ ਇਤਰਾ÷/ਸੋਧ ਕਰਨ ਸਬੰਧੀ ਕੋਈ ਤਜਵੀਜ/ਸੁਝਾਓ ਦਰਜ ਨਹੀ ਕੀਤਾ ਗਿਆ ਹੈ।

ਉਕਤ ਅਨੁਸਾਰ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਹਿੱਤ ਪੇਸ਼ ਹੈ ਜੀ।

ਅਨੁਲੱਗ-'ਓ'

ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 16.4.2010 ਨੂੰ ਸਵੇਰੇ 10.00 ਵਜੇ ਉਨ੍ਹਾਂ ਦੇ ਦਫਤਰੀ ਕਮਰੇ ਵਿੱਚ ਹੋਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਵਿੱਤ ਅਤੇ ਲੇਖਾ ਕਮੇਟੀ ਦੀ 58ਵੀਂ ਮੀਟਿੰਗ ਦੀ ਕਾਰਵਾਈ ।

ਇਸ ਮੀਟਿੰਗ ਵਿੱਚ ਹੇਠ ਅਨੁਸਾਰ ਮੈਂਬਰ ਸ਼ਾਮਿਲ ਸਨ :-

1. ਸ਼੍ਰੀ ਐਸ.ਸੀ. ਅਗਰਵਾਲ, ਆਈ.ਏ.ਐਸ.
ਮੁੱਖ ਸਕੱਤਰ, ਪੰਜਾਬ
(ਵਿਸ਼ੇਸ਼ ਮਹਿਮਾਨ)

2. ਸ਼੍ਰੀ ਕੇ.ਬੀ.ਐਸ. ਸਿੱਧੂ, ਆਈ.ਏ.ਐਸ.
ਪ੍ਰਮੁੱਖ ਸਕੱਤਰ (ਵਿੱਤ)ਪੰਜਾਬ, ਚੰਡੀਗੜ੍ਹ ।

3. ਡਾ. ਐਸ.ਐਸ. ਸੰਧੂ, ਆਈ.ਏ.ਐਸ.
ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ-ਕਮ-ਵਾਈਸ ਚੇਅਰਮੈਨ, ਪੁੱਡਾ ।

4. ਸ਼੍ਰੀ ਵੀ.ਪੀ. ਸਿੰਘ, ਆਈ.ਏ.ਐਸ.
ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ. ਨਗਰ ।

ਨਾਨ- ਆਫਿਸ਼ੀਅਲ ਮੈਂਬਰ

5. ਸ਼੍ਰੀ ਇੰਦੂ ਭੂਸ਼ਨ ਭਾਟੀਆ
ਉੱਤਮ ਗਾਰਡਨ ਕਲੋਨੀ, ਨੇੜੇ ਓਬਰਾਏ ਸਰਵਿਸ ਸਟੇਸ਼ਨ, ਮਨਵਾਲ, ਪਠਾਨਕੋਟ, ਜਿਲ੍ਹਾ ਗੁਰਦਾਸਪੁਰ ।

ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮ ਵਿਚਾਰੇ ਗਏ :-

<u>ਅਜੰਡਾ ਆਈਟਮ ਨੰ: 58.01</u>

<u>ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ ਮਿਤੀ 03.06.09 ਨੂੰ ਹੋਈ 57ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।</u>

ਕਾਰਵਾਈ ਦੀ ਪੁਸ਼ਟੀ ਕੀਤੀ ਗਈ।

<u>ਅਜੰਡਾ ਆਈਟਮ ਨੰ: 58.02</u>

<u>ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ ਮਿਤੀ 03.06.09 ਨੂੰ ਹੋਈ 57ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਦੀ ਕੀਤੀ ਗਈ ਕਾਰਵਾਈ ਦਾ ਮੱਦਵਾਰ ਵਿਵਰਣ।</u>

ਪਿਛਲੀ ਮੀਟਿੰਗ ਵਿੱਚ ਹੋਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਨੋਟ ਕੀਤਾ ਅਤੇ ਤਸੱਲੀ ਪ੍ਰਗਟਾਈ ਗਈ।

ਅਜੰਡਾ ਆਈਟਮ ਨੰ: 58.03

ਰਿਹਾਇਸ਼ੀ ਪਲਾਟਾਂ ਦੇ ਰੇਟ ਸੋਧਣ ਬਾਰੇ।

ਕਿਉਂ ਕਿ ਨਵਾਂ ਵਿੱਤੀ ਸਾਲ ਸ਼ੁਰੂ ਹੋ ਚੁੱਕਾ ਹੈ ਇਸ ਕਰਕੇ ਮੱਦ ਨਾਲ ਜੋ ਅਨੁੱਲਗ 2 ਲਗਾਇਆ ਗਿਆ ਸੀ ਉਸ ਵਿਚ ਹੁਣ ਤੱਕ ਦੀ ਸਥਿਤੀ ਧਿਆਨ ਵਿਚ ਰੱਖਦਿਆਂ ਹੋਇਆਂ ਸੋਧਿਆ ਹੋਇਆ ਅਨੁੱਲਗ 2 ਮੈਂਬਰਾਂ ਨੂੰ ਮੌਕੇ ਤੇ ਸਰਕੂਲੇਟ ਕੀਤਾ ਗਿਆ । ਕਮੇਟੀ ਨੇ ਪ੍ਰਚਲਿਤ ਰੇਟ, ਮੌਜੂਦਾ ਕੁਲੈਕਟਰ ਰੇਟ, ਪਿਛਲੀ ਬੋਲੀ ਰਾਂਹੀਂ ਵਿਕੇ ਪਲਾਟਾਂ ਦੇ ਰੇਟ ਅਤੇ ਵਧੀਕ ਮੁੱਖ ਪ੍ਰਸਾਸਕ, ਪੁੱਡਾ ਵੱਲੋ ਕੀਤੀ ਸਿਫਾਰਿਸ਼ ਤੇ ਵਿਚਾਰ ਕੀਤਾ। ਕਮੇਟੀ ਨੇ ਨੋਟ ਕੀਤਾ ਕਿ ਸੁਲਤਾਨਪੁਰ ਲੋਧੀ ਵਿਖੇ ਪਹਿਲਾਂ ਰਿਹਾਇਸ਼ੀ ਪਲਾਟਾਂ ਦਾ ਰੇਟ 900/-ਰੁਪਏ ਵਰਗ ਗਜ ਚੱਲ ਰਿਹਾ ਹੈ ਜੋ ਕਿ ਬਹੁਤ ਘੱਟ ਹੈ। ਵਧੀਕ ਮੁੱਖ ਪ੍ਰਸਾਸਕ, ਪੁੱਡਾ, ਜਲੰਧਰ ਵੱਲੋਂ ਰਿਹਾਇਸ਼ੀ ਪਲਾਟਾਂ ਦਾ ਰੇਟ 3000/- ਰੁਪਏ ਨਿਸ਼ਚਿਤ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ । ਵਿਚਾਰ ਵਟਾਂਦਰੇ ਉਪਰੰਤ ਸੁਲਤਾਨਪੁਰ ਲੋਧੀ ਲਈ ਰਿਹਾਇਸ਼ੀ ਪਲਾਟਾਂ ਦਾ ਰੇਟ 2000/- ਰੁਪਏ ਪ੍ਰਤੀ ਵਰਗ ਗਜ ਕਰਨ ਦਾ ਫੈਸਲਾ ਕੀਤਾ ਗਿਆ । ਇਸੀ ਤਰ੍ਹਾਂ ਕਮੇਟੀ ਨੇ ਨੋਟ ਕੀਤਾ ਕਿ ਬਟਾਲਾ ਦਾ ਕੁਲੈਕਟਰ ਰੇਟ 5000/- ਰੁਪਏ ਪ੍ਰਤੀ ਵਰਗ ਗਜ ਹੈ ਅਤੇ ਪੁੱਡਾ ਦਾ ਰਿਹਾਇਸ਼ੀ ਪਲਾਟਾਂ ਦਾ ਪ੍ਰਚਲਿਤ ਰੇਟ 4400/- ਰੁਪਏ ਪ੍ਰਤੀ ਵਰਗ ਗਜ ਹੈ। ਵਧੀਕ ਮੁੱਖ ਪ੍ਰਸ਼ਾਸਕ, ਪੁੱਡਾ, ਜਲੰਧਰ ਨੇ ਇਨ੍ਹਾਂ ਪਲਾਟਾਂ ਦਾ ਰੇਟ 4000/- ਪ੍ਰਤੀ ਵਰਗ ਗਜ ਕਰਨ ਦੀ ਸਿਫਾਰਿਸ਼ ਕੀਤੀ ਹੈ। ਵਿਚਾਰ ਵਟਾਂਦਰੇ ਉਪਰੰਤ ਵਿੱਤ ਤੇ ਲੇਖਾ ਕਮੇਟੀ ਨੇ ਬਟਾਲਾ ਲਈ ਰਿਹਾਇਸ਼ੀ ਪਲਾਟਾਂ ਦਾ ਰੇਟ 5000/- ਰੁਪਏ ਪ੍ਰਤੀ ਵਰਗ ਗਜ ਨਿਸ਼ਚਿਤ ਕਰਨ ਦਾ ਫੈਸਲਾ ਕੀਤਾ। ਬਾਕੀ ਦੇ ਸਟੇਸ਼ਨਾਂ ਲਈ ਰੇਟਾਂ ਵਿਚ 10% ਸਲਾਨਾ ਕੰਪਾਊਂਡ ਵਿਆਜ ਦੀ ਦਰ ਨਾਲ ਵਾਧਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ। ਇਸ ਫੈਸਲੇ ਨਾਲ ਵੱਖ ਵੱਖ ਸਟੇਸਨਾਂ ਲਈ ਹੇਠ ਲਿਖੇ ਅਨੁਸਾਰ ਰਿਹਾਇਸ਼ੀ ਪਲਾਟਾਂ ਦੇ ਰੇਟ ਨਿਰਧਾਰਿਤ ਕੀਤੇ ਗਏ:-

| | | |
|---|---|---|
| 1) | ਕਪੂਰਥਲਾ | 4700/- ਰੁਪਏ ਪ੍ਰਤੀ ਵਰਗ ਗਜ |
| 2) | ਸੁਲਤਾਨਪੁਰ ਲੋਧੀ | 2000/- ਰੁਪਏ ਪ੍ਰਤੀ ਵਰਗ ਗਜ |
| 3) | ਬਟਾਲਾ | 5000/- ਰੁਪਏ ਪ੍ਰਤੀ ਵਰਗ ਗਜ |
| 4) | ਪਟਿਆਲਾ | 5200/- ਰੁਪਏ ਪ੍ਰਤੀ ਵਰਗ ਗਜ |
| 5) | ਨਾਭਾ | 4350/- ਰੁਪਏ ਪ੍ਰਤੀ ਵਰਗ ਗਜ |
| 6) | ਫਿਰੋਜਪੁਰ | 4400/- ਰੁਪਏ ਪ੍ਰਤੀ ਵਰਗ ਗਜ |
| 7) | ਮਲੋਟ | 3400/- ਰੁਪਏ ਪ੍ਰਤੀ ਵਰਗ ਗਜ |

ਪਹਿਲਾ 100 ਵਰਗ ਗਜ ਦੇ ਪਲਾਟਾਂ ਦੀ ਕੀਮਤ ਇਸ ਤੋਂ ਵੱਧ ਰਕਬੇ ਦੇ ਪਲਾਟਾ ਨਾਲੋਂ ਘੱਟ ਨਿਸ਼ਚਿਤ ਕੀਤੀ ਹੋਈ ਸੀ । ਕਿਉਂ ਕਿ ਮਾਰਕੀਟ ਵਿਚ ਇਸ ਸਾਈਜ ਦੇ

ਪਲਾਟਾਂ ਦਾ ਮੁੱਲ ਦੂਜੇ ਪਲਾਟਾਂ ਦੇ ਬਾਰਬਰ ਹੀ ਹੈ ਇਸ ਲਈ ਵਿੱਤ ਤੇ ਲੇਖਾ ਕਮੇਟੀ ਨੇ ਸਾਰੇ ਸਾਈਜਾਂ ਦੇ ਪਲਾਟਾਂ ਦਾ ਰੇਟ ਉਪਰੋਕਤ ਅਨੁਸਾਰ ਨਿਸ਼ਚਿਤ ਕਰਨ ਦਾ ਫੈਸਲਾ ਕੀਤਾ। ਜਿਹੜੀ ਭੋਂ ਲਈ ਐਲ ਓ ਆਈ ਪਹਿਲਾਂ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਜਾਰੀ ਕੀਤੇ ਪੱਤਰਾਂ ਅਨੁਸਾਰ ਰਕਮ ਜਮ੍ਹਾਂ ਕਰਵਾਉਣ ਦਾ ਸਮਾਂ ਬਾਕੀ ਰਹਿੰਦਾ ਹੈ, ਉਹਨਾਂ ਕੇਸਾਂ ਵਿਚ ਭੋਂ ਦੇ ਰੇਟ ਅਤੇ ਸ਼ਰਤਾਂ ਜਾਰੀ ਕੀਤੇ ਐਲ ਓ ਆਈ ਵਾਲੀਆਂ ਹੀ ਰਹਿਣਗੀਆਂ ।

ਕਮੇਟੀ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਉਸਾਰੇ ਗਏ ਮਕਾਨਾਂ ਦੀ ਕੀਮਤ ਨਿਰਧਾਰਿਤ ਕਰਨ ਲੱਗਿਆਂ ਈ ਡਬਲਿਯੂ ਐਸ ਮਕਾਨਾਂ ਲਈ ਭੋਂ ਦੀ ਕੀਮਤ ਸਬਸੀਡਾਈਜਡ ਰੇਟ ਤੇ ਕੈਲਕੂਲੇਟ ਕੀਤੀ ਜਾਂਦੀ ਹੈ। ਪਲਾਟਾਂ ਦੀ ਵਧੀ ਕੀਮਤ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ ਕਿਉਂ ਕਿ ਉਸਾਰੇ ਗਏ ਈ ਡਬਲਿਯੂ ਐਸ ਮਕਾਨਾਂ ਦੀ ਕੀਮਤ ਨਿਰਧਾਰਿਤ ਕਰਨ ਦੀ ਪਾਲਿਸੀ ਵੱਖਰੀ ਹੈ । ਕਮੇਟੀ ਨੇ ਈ ਡਬਲਿਯੂ ਐਸ ਮਕਾਨਾਂ ਲਈ ਕੀਮਤ ਨਿਰਧਾਰਤ ਕਰਨ ਦੀ ਪਾਲਿਸੀ ਵਿਚ ਕੋਈ ਤਬਦੀਲੀ ਨਹੀਂ ਕੀਤੀ ਅਤੇ ਸਾਰੇ ਵਰਗ ਦੇ ਮਕਾਨਾਂ ਦੀ ਕੀਮਤ ਬਣੀ ਪਾਲਿਸੀ ਅਨੁਸਾਰ ਹੀ ਨਿਰਧਾਰਿਤ ਕਰਨ ਦਾ ਫੈਸਲਾ ਕੀਤਾ ।

ਅਜੰਡਾ ਆਈਟਮ ਨੰ: 58.04

ਸਲਾਨਾ ਲੇਖਾ ਜੋਖਾ ਸਾਲ 2008-2009 ।

ਪ੍ਰਵਾਨ ਹੈ ।

ਅਜੰਡਾ ਆਈਟਮ ਨੰ: 58.05

ਸਿੱਖ ਦੰਗਾ ਪੀੜਤ ਵਿਧਵਾਵਾਂ ਨੂੰ ਮੁਫਤ ਅਲਾਟ ਕੀਤੇ ਮਕਾਨਾਂ ਨੂੰ ਵੇਚਣ ਦੀ ਪ੍ਰਵਾਨਗੀ ਦੇਣ ਸਬੰਧੀ।

ਕਮੇਟੀ ਨੇ ਨੋਟ ਕੀਤਾ ਕਿ ਜਿਹੜੇ ਹੁਣ ਦੰਗਾ ਪੀੜਤਾਂ ਨੂੰ ਮਕਾਨਾਂ ਦੀ ਅਲਾਟਮੈਂਟ ਕੀਤੀ ਜਾ ਰਹੀ ਹੈ ਉਹਨਾਂ ਨੂੰ 10 ਸਾਲ ਤੱਕ ਨਾ ਵੇਚਣ ਦੀ ਸਰਤ ਲਗਾਈ ਗਈ ਹੈ । ਇਸੇ ਅਧਾਰ ਤੇ ਕਮੇਟੀ ਨੇ ਫੈਸਲਾ ਕੀਤਾ ਕਿ ਦੰਗਾਂ ਪੀੜਤਾਂ ਨੂੰ ਅਲਾਟ ਕੀਤੇ ਸਾਰੇ ਮਕਾਨਾਂ ਨੂੰ 10 ਸਾਲ ਤੱਕ ਨਾ ਵੇਚਣ ਦੀ ਸਰਤ ਲਗਾਈ ਜਾਵੇ ਅਤੇ ਜਿਹੜੇ ਮਕਾਨਾਂ ਨੂੰ ਅਲਾਟ ਕੀਤੀਆਂ 10 ਸਾਲ ਦਾ ਸਮਾਂ ਬੀਤ ਚੁੱਕਾ ਹੈ ਉਹਨਾਂ ਨੂੰ ਵੇਚਣ ਦੀ ਪ੍ਰਵਾਨਗੀ ਦੇ ਦਿੱਤੀ ਜਾਵੇ ।

**ਅਜੰਡਾ ਆਈਟਮ ਨੰ: 58.06**

ਸਾਲ 2010-2011 ਦੇ ਬਜਟ ਅਨੁਮਾਨ ਅਤੇ ਸਾਲ 2009-2010 ਦਾ ਸੋਧਿਆ ਹੋਇਆ ਬਜਟ ਅਨੁਮਾਨ ਸਬੰਧੀ।

ਪ੍ਵਾਨ ਹੈ ।

ਮੀਟਿੰਗ ਪ੍ਧਾਨ ਜੀ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ ।

ਪਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ, ਪੰਜਾਬ-ਕਮ-
ਚੇਅਰਮੈਨ, ਵਿੱਤ ਤੇ ਲੇਖਾ ਕਮੇਟੀ
ਪੁੱਡਾ ।

ਪੰਜਾਬ ਸਰਕਾਰ

ਵਿਸ਼ਾ:- ਪੁੱਡਾ ਅਤੇ ਗਮਾਡਾ ਦੀਆਂ ਮੀਟਿੰਗਾ ।

***

ਮੁੱਖ ਸਕੱਤਰ ਜੀ ਦਾ ਧਿਆਨ ਮੁੱਖ ਮੰਤਰੀ ਜੀ ਦੀ ਪੱਧਰ ਤੇ, ਮਿਤੀ 16-4-2010 ਨੂੰ ਹੋਈਆਂ ਤਿੰਨ ਮੀਟਿੰਗਾਂ ਵੱਲ ਦਿਵਾਇਆ ਜਾਂਦਾ ਹੈ:-

1. ਪੁੱਡਾ ਅਥਾਰਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ 58ਵੀ ਮੀਟਿੰਗ ।
2. ਪੁੱਡਾ ਅਥਾਰਟੀ ਦੀ 41ਵੀ ਮੀਟਿੰਗ ।
3. ਗਮਾਡਾ ਅਥਾਰਟੀ ਦੀ ਛੇਵੀਂ ਮੀਟਿੰਗ ।

ਇਹਨਾਂ ਮੀਟਿੰਗਾਂ ਦੀਆ ਅਲੱਗ ਅਲੱਗ ਕਾਰਵਾਈਆਂ ਪੁੱਡਾ ਅਤੇ ਗਮਾਡਾ ਅਥਾਰਟੀ ਵੱਲੋ ਹੁਣ ਪ੍ਰਾਪਤ ਹੋਈਆਂ ਹਨ, ਜਿਹੜੀਆਂ ਕਿ ਹੇਠਾਂ (ਕਰਮਵਾਰ ਝੰਡੀ ੳ, ਅ ਅਤੇ ੲ) ਰੱਖੀਆਂ ਜਾਂਦੀਆਂ ਹਨ।

ਮੇਰੇ ਵਿਚਾਰ ਵਿੱਚ ਇਹ ਕਾਰਵਾਈਆਂ ਉਨ੍ਹਾਂ ਮੀਟਿੰਗਾ ਵਿੱਚ ਹੋਏ ਫੈਸਲਿਆਂ ਅਤੇ ਚਰਚਾ ਨੂੰ ਪੂਰੀ ਤਰਾਂ ਨਹੀਂ ਦਰਸਾਉਦੀਆਂ । ਇਸ ਸਬੰਧ ਵਿੱਚ ਇੱਕ ਸੰਖੇਪ ਨੋਟ ਝੰਡੀ ਕ ਤੇ ਰੱਖਿਆ ਜਾਂਦਾ ਹੈ।

ਜੇ ਮੁੱਖ ਸਕੱਤਰ ਜੀ ਯੋਗ ਸਮਝਣ ਤਾਂ ਇਸ ਨੋਟ ਨੂੰ ਸਕੱਤਰ ਮਕਾਨ ਉਸਾਰੀ ਅਤੇ ਸਹਿਰੀ ਵਿਕਾਸ ਵਿਭਾਗ ਅਤੇ ਮੁੱਖ ਪ੍ਰਸਾਸਕ ਪੁੱਡਾ/ਗਮਾਡਾ ਨੂੰ ਯੋਗ ਕਾਰਵਾਈ ਹਿੱਤ ਭੇਜ ਦਿੱਤਾ ਜਾਵੇ ਜੀ।

ਪ੍ਰ.ਸ.ਵਿੱਤ
28-4-2010

ਮੁੱਖ ਸਕੱਤਰ

ACA (F&A)

Government of Punjab

Prl Secy. Housing
Hsg. Deptt. Pb. Chd.

# MEETINGS OF PUDA AND GMADA

## Finance and Accounts Committee of PUDA (item 58.04)

It was pointed out that an amount of Rs 91.46 crore has been reflected as interest received by PUDA from the State Government. Actually, no such amount has been paid in cash. Thus, reflecting this in the books of account is not consistent with the method of accounting, which is stated to be on cash basis.

Moreover, this shall unnecessarily inflate the profit of PUDA and potentially lead to a higher Income Tax liability.

This entry thus calls for a review.

This shall equally apply to the item No. 41.19 of the PUDA's Authority meeting.

It was also decided that PUDA shall actively review the refund of application fee money deposited by the general public. This amount is Rs 58.82 crore was per the balance sheet (Schedule C). Retaining this inordinately may not only raise an interest liability but also cast an onus on PUDA to sell the plots, if any, developed at old rates.

## Finance and Accounts Committee of PUDA (item 58.06)

It was decided that PUDA shall endeavour to retain the revenue expenditure within the budgeted amount and also try and effect the Capital Expenditure up to the full budgeted amount, on duly sanctioned protects.

PUDA shall also endeavour to expedite the disposal of OUVGL properties.

This shall equally apply to the corresponding item of the PUDA's Authority meeting.

## PUDA Authority Item No. 41.11

It was also decided that no arrears on account of revision of pay shall be disbursed, other otherwise credited, till the State Government takes an appropriate decision in this regard

## GMADA Authority Meeting Item 6.14

The minutes have not recorded the decision of the Authority to offer allotment of sites to the non-Riot affected persons at higher rates.

**ਅਜੰਡਾ ਆਈਟਮ ਨ: 59.02**
**ਅਮਲਾ ਅਫਸਰ(ਤਾਲਮੇਲ)**

**ਵਿਸ਼ਾ:-** **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ ਮਿਤੀ 16.4.2010 ਨੂੰ ਹੋਈ 58ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਬਾਰੇ ਕੀਤੀ ਗਈ ਕਾਰਵਾਈ ਬਾਰੇ ਮੱਦ ਵਾਰ ਵਿਵਰਣ।**

| ਆਈਟਮ ਨੰ: | ਵਿਸ਼ਾ | ਫੈਸਲਾ | ਕੀਤੀ ਕਾਰਵਾਈ |
|---|---|---|---|
| 58.01 | ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ ਮਿਤੀ 16.4.2010 ਨੂੰ ਹੋਈ 58ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ। | ਕਾਰਵਾਈ ਦੀ ਪੁਸ਼ਟੀ ਕੀਤੀ ਗਈ। | ਨੋਟ ਕਰ ਲਿਆ ਗਿਆ ਹੈ। |
| 58.02 | ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ ਮਿਤੀ 16.4.2010 ਨੂੰ ਹੋਈ 58ਵੀਂ ਮੀਟਿੰਗ ਵਿੱਚ ਲਏ ਫੈਸਲਿਆਂ ਦੀ ਕੀਤੀ ਗਈ ਕਾਰਵਾਈ ਦਾ ਮੱਦਵਾਰ ਵਿਵਰਣ। | ਪਿਛਲੀ ਮੀਟਿੰਗ ਵਿੱਚ ਹੋਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਨੋਟ ਕੀਤਾ ਅਤੇ ਤਸੱਲੀ ਪ੍ਰਗਟਾਈ ਗਈ। | ਨੋਟ ਕਰ ਲਿਆ ਗਿਆ ਹੈ। |
| 58.03 | ਰਿਹਾਇਸ਼ੀ ਪਲਾਟਾਂ ਦੇ ਰੇਟ ਸੋਧਣ ਬਾਰੇ। | ਕਿਉਂਕਿ ਨਵਾਂ ਵਿੱਤੀ ਸਾਲ ਸ਼ੁਰੂ ਹੋ ਚੁੱਕਾ ਹੈ ਇਸ ਕਰਕੇ ਮੱਦ ਨਾਲ ਜੋ ਅਨੁੱਲਗ-2 ਲਗਾਇਆ ਗਿਆ ਸੀ, ਉਸ ਵਿੱਚ ਹੁਣ ਤੱਕ ਦੀ ਸਥਿਤੀ ਧਿਆਨ ਵਿੱਚ ਰੱਖਦਿਆਂ ਹੋਇਆਂ ਸੋਧਿਆ ਹੋਇਆ ਅਨੁੱਲਗ-2 ਮੈਂਬਰਾਂ ਨੂੰ ਮੌਕੇ ਤੇ ਸਰਕੂਲੇਟ ਕੀਤਾ ਗਿਆ। ਕਮੇਟੀ ਨੇ ਪ੍ਰਚਲਿਤ ਰੇਟ, ਮੌਜੂਦਾ ਕੁਲੈਕਟਰ ਰੇਟ, ਪਿਛਲੀ ਬੋਲੀ ਰਾਹੀਂ ਵਿਕੇ ਪਲਾਟਾਂ ਦ ਰੇਟ ਅਤੇ ਵਧੀਕ ਮੁੱਖ ਪ੍ਰਸਾਸਕ, ਪੁੱਡਾ ਵਲੋਂ ਕੀਤੀ ਸਿਫਾਰਿਸ ਤੇ ਵਿਚਾਰ ਕੀਤਾ। ਕਮੇਟੀ ਨੇ ਨੋਟ ਕੀਤਾ ਕਿ ਸੁਲਤਾਨਪੁਰ ਲੋਧੀ ਵਿਖੇ ਪਹਿਲਾਂ ਰਿਹਾਇਸੀ ਪਲਾਟਾਂ ਦਾ ਰੇਟ 900/- ਰੁਪਏ ਵਰਗ ਗਜ ਚੱਲ ਰਿਹਾ ਹੈ ਜੋਕਿ ਬਹੁੱਤ ਘੱਟ ਹੈ। ਵਧੀਕ ਮੁੱਖ ਪ੍ਰਸਾਸਕ, ਪੁੱਡਾ, ਜਲੰਧਰ ਵਲੋਂ ਰਿਹਾਇਸੀ ਪਲਾਟਾਂ ਦਾ ਰੇਟ 3000/- ਰੁਪਏ ਨਿਸ਼ਚਿਤ ਕਰਨ ਦੀ ਸਿਫਾਰਿਸ ਕੀਤੀ ਗਈ ਹੈ। ਵਿਚਾਰ ਵਟਾਂਦਰੇ | ਵੱਖ-ਵੱਖ ਸ਼ਹਿਰੀ ਮਿਲਖਾਂ ਦੇ ਸੋਧੇ ਹੋਏ ਰੇਟ ਸਬੰਧਤ ਦਫਤਰਾਂ ਨੂੰ ਪੱਤਰ ਨੰ: 2702-23 ਮਿਤੀ 06.05.2010 ਰਾਹੀਂ ਸੂਚਿਤ ਕੀਤੇ ਜਾ ਚੁੱਕੇ ਹਨ। |

| ਆਈਟਮ ਨੰ: | ਵਿਸ਼ਾ | ਫੈਸਲਾ | ਕੀਤੀ ਕਾਰਵਾਈ |
|---|---|---|---|
| | | ਉਪਰੰਤ ਸੁਲਤਾਨਪੁਰ ਲੋਧੀ ਲਈ ਰਿਹਾਇਸੀ ਪਲਾਟਾਂ ਦਾ ਰੇਟ 2000/-ਰੁ: ਪ੍ਰਤੀ ਵਰਗ ਗਜ ਕਰਨ ਦਾ ਫੈਸਲਾ ਕੀਤਾ ਗਿਆ। ਇਸੀ ਤਰ੍ਹਾਂ ਕਮੇਟੀ ਨੇ ਨੋਟ ਕੀਤਾ ਕਿ ਬਟਾਲਾ ਦਾ ਕੁਲੈਕਟਰ ਰੇਟ 5000/- ਰੁਪਏ ਪ੍ਰਤੀ ਵਰਗ ਗਜ ਹੈ ਅਤੇ ਪੁੱਡਾ ਦਾ ਰਿਹਾਇਸੀ ਪਲਾਟਾਂ ਦਾ ਪ੍ਰਚਲਿਤ ਰੇਟ 4400/- ਰੁਪਏ ਪ੍ਰਤੀ ਵਰਗ ਗਜ ਹੈ। ਵਧੀਕ ਮੁੱਖ ਪ੍ਰਸਾਸਕ, ਪੁੱਡਾ, ਜਲੰਧਰ ਨੇ ਇਨ੍ਹਾਂ ਪਲਾਟਾਂ ਦਾ ਰੇਟ 4000/- ਰੁਪਏ ਪ੍ਰਤੀ ਵਰਗ ਗਜ ਕਰਨ ਦੀ ਸਿਫਾਰਿਸ਼ ਕੀਤੀ ਹੈ। ਵਿਚਾਰ ਵਟਾਂਦਰੇ ਉਪਰੰਤ ਵਿੱਤ ਤੇ ਲੇਖਾ ਕਮੇਟੀ ਨੇ ਬਟਾਲਾ ਲਈ ਰਿਾਇਸੀ ਪਲਾਟਾਂ ਦਾ ਰੇਟ 5000/- ਰੁਪਏ ਪ੍ਰਤੀ ਵਰਗ ਗਜ ਨਿਸਚਿਤ ਕਰਨ ਦਾ ਫੈਸਲਾ ਕੀਤਾ। ਬਾਕੀ ਦੇ ਸਟੇਸਨਾਂ ਲਈ ਰੇਟਾਂ ਵਿੱਚ 10% ਸਲਾਨਾ ਕੰਪਾਊਂਡ ਵਿਆਜ ਦੀ ਦਰ ਨਾਲ ਵਾਧਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ। ਇਸ ਫੈਸਲੇ ਨਾਲ ਵੱਖ-ਵੱਖ ਸਟੇਸ਼ਨਾਂ ਲਈ ਹੇਠ ਲਿਖੇ ਅਨੁਸਾਰ ਰਿਹਾਇਸੀ ਪਲਾਟਾਂ ਦੇ ਰੇਟ ਨਿਰਧਾਰਿਤ ਕੀਤੇ ਗਏ:-<br>1) ਕਪੂਰਥਲਾ 4700/-ਰੁ: ਪ੍ਰਤੀ ਵ:ਗ:<br>2) ਸੁਲਤਾਨਪੁਰ ਲੋਧੀ 2000/-ਰੁ: ਪ੍ਰਤੀ ਵ:ਗ:<br>3) ਬਟਾਲਾ 5000/-ਰੁ: ਪ੍ਰਤੀ ਵ:ਗ:<br>4) ਪਟਿਆਲਾ 5200/-ਰੁ: ਪ੍ਰਤੀ ਵ:ਗ:<br>5) ਨਾਭਾ 4350/-ਰੁ: ਪ੍ਰਤੀ ਵ:ਗ:<br>6) ਫਿਰੋਜਪੁਰ 4400/-ਰੁ: ਪ੍ਰਤੀ ਵ:ਗ:<br>7) ਮਲੋਟ 3400/-ਰੁ: ਪ੍ਰਤੀ ਵ:ਗ:<br>ਪਹਿਲਾਂ 100 ਵਰਗ ਗਜ ਦੇ ਪਲਾਟਾਂ ਦੀ ਕੀਮਤ ਇਸ ਤੋਂ ਵੱਧ ਰਕਬੇ ਦੇ ਪਲਾਟਾਂ ਨਾਲੋਂ ਘੱਟ ਨਿਸਚਿਤ ਕੀਤੀ ਹੋਈ ਸੀ। ਕਿਉਂਕਿ ਮਾਰਕੀਟ ਵਿੱਚ ਇਸ ਸਾਈਜ ਦੇ ਪਲਾਟਾਂ ਦਾ ਮੁੱਲ ਦੂਜੇ ਪਲਾਟਾਂ ਦੇ ਬਰਾਬਰ ਹੀ ਹੈ ਇਸ ਲਈ ਵਿੱਤ ਤੇ ਲੇਖਾ ਕਮੇਟੀ ਨੇ ਸਾਰੇ ਸਾਈਜਾਂ ਦੇ ਪਲਾਟਾਂ ਦਾ ਰੇਟ ਉਪਰੋਕਤ ਅਨੁਸਾਰ ਨਿਸਚਿਤ ਕਰਨ ਦਾ | |

| ਆਈਟਮ ਨੰ: | ਵਿਸ਼ਾ | ਫੈਸਲਾ | ਕੀਤੀ ਕਾਰਵਾਈ |
|---|---|---|---|
| | | ਫੈਸਲਾ ਕੀਤਾ। ਜਿਹੜੀ ਭੌਂ ਲਈ ਅਲ.ਓ. ਆਈ ਪਹਿਲਾਂ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਜਾਰੀ ਕੀਤੇ ਪੱਤਰਾਂ ਅਨੁਸਾਰ ਰਕਮ ਜਮ੍ਹਾਂ ਕਰਵਾਉਣ ਦਾ ਸਮਾਂ ਬਾਕੀ ਰਹਿੰਦਾ ਹੈ, ਉਹਨਾਂ ਕੇਸਾਂ ਵਿੱਚ ਭੌਂ ਦੇ ਰੇਟ ਅਤੇ ਸ਼ਰਤਾਂ ਜਾਰੀ ਕੀਤੇ ਐਲ.ਓ. ਆਈ ਵਾਲੀਆਂ ਹੀ ਰਹਿਣਗੀਆਂ।<br><br>ਕਮੇਟੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਸਾਰੇ ਗਏ ਮਕਾਨਾਂ ਦੀ ਕੀਮਤ ਨਿਰਧਾਰਿਤ ਕਰਨ ਲੱਗਿਆ ਈ.ਡਬਲਿਯੂ.ਐਸ. ਮਕਾਨਾਂ ਦੀ ਕੀਮਤ ਸਬਸੀਡਾਈਜ਼ਡ ਰੇਟ ਤੇ ਕੈਲਕੁਲੇਟ ਕੀਤੀ ਜਾਂਦੀ ਹੈ। ਪਲਾਟਾਂ ਦੀ ਵਧੀ ਕੀਮਤ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਕਿਉਂਕਿ ਉਸਾਰੇ ਗਏ ਈ.ਡਬਲਿਯੂ.ਐਸ. ਮਕਾਨਾਂ ਦੀ ਕੀਮਤ ਨਿਰਧਾਰਿਤ ਕਰਨ ਦੀ ਪਾਲਿਸੀ ਵੱਖਰੀ ਹੈ। ਕਮੇਟੀ ਨੇ ਈ.ਡਵਲਿਯੂ.ਐਸ. ਮਕਾਨਾਂ ਲਈ ਕੀਮਤ ਨਿਰਧਾਰਤ ਕਰਨ ਦੀ ਪਾਲਿਸੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਅਤੇ ਸਾਰੇ ਵਰਗ ਦੇ ਮਕਾਨਾਂ ਦੀ ਕੀਮਤ ਬਣੀ ਪਾਲਿਸੀ ਅਨੁਸਾਰ ਹੀ ਨਿਰਧਾਰਿਤ ਕਰਨ ਦਾ ਫੈਸਲਾ ਕੀਤਾ। | |
| 58.04 | ਸਲਾਨਾ ਲੇਖਾ ਜੋਖਾ ਸਾਲ 2008-2009 | ਪ੍ਰਵਾਨ ਹੈ। | ਲੇਖਿਆਂ ਦੀ ਪ੍ਰਿੰਟਿੰਗ ਉਪਰੰਤ ਕਾਪੀਆਂ ਸਦਨ ਦੇ ਮੇਜ ਤੇ ਰੱਖਣ ਲਈ ਸਰਕਾਰ ਨੂੰ ਭੇਜ ਦਿੱਤੀਆਂ ਜਾਣਗੀਆਂ। |
| 58.05 | ਸਿੱਖ ਦੰਗਾਂ ਪੀੜਤ ਵਿਧਵਾਵਾਂ ਨੂੰ ਮੁਫਤ ਅਲਾਟ ਕੀਤੇ ਮਕਾਨਾਂ ਨੂੰ ਵੇਚਣ ਦੀ ਪ੍ਰਵਾਨਗੀ ਦੇਣ ਸਬੰਧੀ। | ਕਮੇਟੀ ਨੇ ਨੋਟ ਕੀਤਾ ਕਿ ਜਿਹੜੇ ਹੁਣ ਦੰਗਾਂ ਪੀੜਤਾਂ ਨੂੰ ਮਕਾਨਾਂ ਦੀ ਅਲਾਟਮੈਂਟ ਕੀਤੀ ਜਾ ਰਹੀ ਹੈ, ਉਹਨਾਂ ਨੂੰ 10 ਸਾਲ ਤੱਕ ਨਾ ਵੇਚਣ ਦੀ ਸ਼ਰਤ ਲਗਾਈ ਗਈ ਹੈ। ਇਸੇ ਅਧਾਰ ਤੇ ਕਮੇਟੀ ਨੇ ਫੈਸਲਾ ਕੀਤਾ ਕਿ ਦੰਗਾਂ ਪੀੜਤਾਂ ਨੂੰ ਅਲਾਟ ਕੀਤੇ ਸਾਰੇ ਮਕਾਨਾਂ ਨੂੰ 10 ਸਾਲ ਤੱਕ ਨਾ ਵੇਚਣ ਦੀ ਸ਼ਰਤ ਲਗਾਈ ਜਾਵੇ ਅਤੇ ਜਿਹੜੇ ਮਕਾਨਾਂ ਨੂੰ ਅਲਾਟ ਕੀਤੀਆਂ 10 ਸਾਲ ਦਾ ਸਮਾਂ ਬੀਤ ਚੱਕਾ ਹੈ, ਉਹਨਾਂ ਨੂੰ ਵੇਚਣ ਦੀ ਪ੍ਰਵਾਨਗੀ ਦੇ ਦਿੱਤੀ ਜਾਵੇ। | ਫੈਸਲੇ ਅਨੁਸਾਰ ਪੱਤਰ ਨੰ: 12612-17 ਮਿਤੀ 18.5.2010 ਰਾਹੀਂ ਸਾਰੀਆਂ ਅਥਾਰਿਟੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। |
| 58.06 | ਸਾਲ 2010-11 ਦਾ ਸਲਾਨਾ ਬਜਟ ਅਨੁਮਾਨ ਅਤੇ ਸਾਲ | ਪ੍ਰਵਾਨ ਹੈ। | ਨੋਟ ਕਰ ਲਿਆ ਗਿਆ ਹੈ। |

| ਆਈਟਮ ਨੰ: | ਵਿਸ਼ਾ | ਫੈਸਲਾ | ਕੀਤੀ ਕਾਰਵਾਈ |
|---|---|---|---|
| | 2009-10 ਦਾ ਸੋਧਿਆ ਹੋਇਆ ਬਜਟ ਅਨੁਮਾਨ ਸਬੰਧੀ। | | |

**ਅਜੰਡਾ ਆਈਟਮ ਨੰ: 59.03**
**(ਲੇਖਾ ਸ਼ਾਖਾ)**

**ਵਿਸ਼ਾ:- ਸ਼ਹਿਰੀ ਮਿਲਖ ਗੁਰਦਾਸ ਪੁਰ ਵਿਖੇ ਰਿਹਾਇਸ਼ੀ ਪਲਾਟਾਂ ਦੇ ਰੇਟ ਨਿਰਧਾਰਤ ਕਰਨ ਬਾਰੇ ।**

1. ਮੁੱਖ ਪ੍ਰਸ਼ਾਸਕ,ਪੁੱਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 14.10.2009 ਨੂੰ ਵੱਖ-ਵੱਖ ਸ਼ਹਿਰੀ ਮਿਲਖਾਂ ਵਿੱਚ ਖਾਲੀ ਪਏ ਪਲਾਟਾਂ ਦੇ ਰੇਟ ਰਿਵਾਇਜ ਕਰਨ ਬਾਰੇ ਹੋਈ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਸ਼ਹਿਰੀ ਮਿਲਖ ਗੁਰਦਾਸ ਪੁਰ ਦੇ ਤਜਵੀਜ਼ਤ ਰੇਟਾਂ ਬਾਰੇ ਭੌਂ ਪ੍ਰਾਪਤੀ ਦੀ ਕੀਮਤ ਅਤੇ ਅੰਦਾਜਨ ਡਿਵੈਲਪਮੈਂਟ ਖਰਚੇ ਦੇ ਅਧਾਰ ਤੇ ਰੇਟ ਵਰਕ-ਆਉਟ ਕਰਕੇ ਵਿੱਤ ਤੇ ਲੇਖਾ ਕਮੇਟੀ ਅਗੇ ਵਖਰੇ ਤੌਰ ਤੇ ਅਜੰਡਾ ਪੇਸ਼ ਕੀਤਾ ਜਾਵੇ (**ਅਨੁਲਗ**-1) ।

2. ਇਸ ਅਨੁਸਾਰ ਵਧੀਕ ਮੁੱਖ ਪ੍ਰਸ਼ਾਸਕ, ਜਲੰਧਰ ਜੀ ਪਾਸੋਂ ਜਮੀਨ ਦੀ ਕੀਮਤ ਸਬੰਧੀ ਅਤੇ ਮੁੱਖ ਇੰਜੀਨੀਅਰ,ਪੁੱਡਾ ਜੀ ਪਾਸੋਂ ਅੰਦਾਜਨ ਡਿਵੈਲਪਮੈਂਟ ਖਰਚਿਆਂ ਬਾਰੇ ਸੂਚਨਾ ਮੰਗ ਕੇ ਰਿਹਾਇਸ਼ੀ ਪਲਾਟਾਂ ਦਾ ਰੇਟ ਕੈਲਕੁਲੇਟ ਕੀਤਾ ਗਿਆ ਜੋ ਕਿ 3000/- ਰੁਪਏ ਪ੍ਰਤੀ ਵਰਗ ਗਜ਼ ਬਣਦਾ ਹੈ (**ਅਨੁਲਗ**-2).

3. ਉਪਰੋਕਤ ਤੋਂ ਇਲਾਵਾ ਸਬੰਧਤ ਵਧੀਕ ਮੁੱਖ ਪ੍ਰਸ਼ਾਸਕ ਪਾਸੋਂ ਮੌਜੂਦਾ ਕੁਲੈਕਟਰ ਰੇਟ, ਪਿਛਲੀ ਬੋਲੀ ਅਨੁਸਾਰ ਬਣਦਾ 50% ਰੇਟ, ਉਨ੍ਹਾਂ ਵਲੋਂ ਸਿਫਾਰਿਸ਼ ਰੇਟ ਅਤੇ ਪ੍ਰਚਲਤ ਰਿਹਾਇਸ਼ੀ ਰੇਟਾਂ ਵਿੱਚ 10% ਸਲਾਨਾ ਕੰਪਾਉਂਡ ਦੀ ਦਰ ਨਾਲ ਵਿਆਜ ਸ਼ਾਮਲ ਕਰਨ ਉਪਰੰਤ ਬਣਦੇ ਰੇਟ ਦੇ ਅਧਾਰ ਤੇ ਤੁਲਨਾਤੱਮਕ ਵੇਰਵਾ ਵੀ ਤਿਆਰ ਕੀਤਾ ਗਿਆ ਹੈ ਜੋ **ਅਨੁਲਗ**-3 ਤੇ ਨੱਥੀ ਕੀਤਾ ਗਿਆ ਹੈ।

4. ਇਸ ਵੇਰਵੇ ਦਾ ਨਿਰੀਖਣ ਕਰਨ ਉਪਰੰਤ ਪਤਾ ਲਗਦਾ ਹੈ ਕਿ ਪਿਛਲੀ ਬੋਲੀ ਦੀ ਕੀਮਤ ਦਾ 50% ਬਣਦਾ ਰੇਟ ਤੇ ਵਧੀਕ ਮੁੱਖ ਪ੍ਰਸ਼ਾਸਕ, ਪੁੱਡਾ, ਜਲੰਧਰ ਜੀ ਵਲੋਂ ਸਿਫਾਰਿਸ਼ ਕੀਤਾ ਰੇਟ ਕਾਫੀ ਮੇਲ ਖਾਂਦਾ ਹੈ ਪਰੰਤੂ ਕੁਲੈਕਟਰ ਰੇਟ ਤੇ ਫਾਰਮੂਲੇ ਅਨੁਸਾਰ ਨਿਰਧਾਰਤ ਰਟ ਘਟ ਬਣਦਾ ਹੈ ਜਦੋਂ ਕਿ 10% ਸਲਾਨਾ ਚੱਕਰਵਿੱਧੀ ਵਿਆਜ ਦੀ ਦਰ ਨਾਲ ਵਾਧਾ ਕਰਨ ਉਪਰੰਤ ਬਣਦਾ ਰੇਟ ਵਧੀਕ ਮੁੱਖ ਪ੍ਰਸ਼ਾਸਕ ਵਲੋਂ ਸਿਫਾਰਿਸ਼ ਕੀਤੇ ਰੇਟ ਨਾਲੋਂ ਵਧ ਬਣਦਾ ਹੈ।

5. ਇੱਥੇ ਇਹ ਵੀ ਦੱਸਣਯੋਗ ਹੈ ਕਿ ਸਾਲ 2006, 2007 ਅਤੇ 2010 ਵਿੱਚ ਰਿਹਾਇਸ਼ੀ ਪਲਾਟਾਂ ਦੇ ਰੇਟਾਂ ਵਿੱਚ ਸੋਧ ਪਿਛਲੇ ਨਿਰਧਾਰਤ ਰੇਟਾਂ ਵਿੱਚ 10% ਸਾਲਾਨਾ ਵਿਆਜ ਦਰ ਜੋੜ ਕੇ ਕੀਤੀ ਗਈ ਸੀ। ਗੁਰਦਾਸ ਪੁਰ ਸ਼ਹਿਰੀ ਮਿਲਖ ਵਿੱਚ ਰਿਹਾਇਸ਼ੀ ਪਲਾਟਾਂ ਲਈ ਪਬਲਿਕ ਤੋਂ ਜਲਦ ਹੀ ਅਰਜੀਆਂ ਮੰਗੀਆਂ ਜਾਣਗੀਆਂ।

6. ਇਥੇ ਇਹ ਵੀ ਵਰਨਣਯੋਗ ਹੈ ਕਿ ਵਿੱਤ ਤੇ ਲੇਖਾ ਕਮੇਟੀ ਵਲੋਂ 58ਵੀਂ ਮੀਟਿੰਗ ਜੋ ਮਿਤੀ 16-4-10 ਨੂੰ ਹੋਈ ਸੀ ਵਿਚ ਅਜੰਡਾ ਆਈਟਮ ਨੰ: 58.03 ਰਾਹੀਂ ਸਮੂਹ ਸ਼ਹਿਰੀ ਮਿਲਖਾਂ ਵਾਸਤੇ ਇਕ (single) ਰੇਟ ਹੀ ਰੱਖਣ ਦਾ ਫੈਸਲਾ ਲਿਆ ਗਿਆ ਹੈ।

7. ਕਿਉਂ ਜੋ **ਅਨੁਲੱਗ**-3 ਦੇ ਕਾਲਮ ਨੰ: 6,7,8 ਅਤੇ 9 ਵਿਚ ਦਰਸਾਏ ਰੇਟਾਂ ਵਿਚੋਂ ਸਭ ਤੋਂ ਜਿਆਦਾ ਕਾਲਮ ਨੰ: 9 ਵਿਚ ਦਰਸਾਇਆ ਰੇਟ 5000/-ਰੁ: ਪ੍ਰਤੀ ਵਰਗ ਗਜ ਬਣਦਾ ਹੈ। ਇਸ ਲਈ ਇਹ ਤਜਵੀਜ ਦਿਤੀ ਜਾਂਦੀ ਹੈ ਕਿ ਗੁਰਦਾਸਪੁਰ ਸ਼ਹਿਰੀ ਮਿਲਖ ਦੇ ਸਾਰੇ ਸਾਈਜਾਂ ਦੇ ਰਿਹਾਇਸ਼ੀ ਪਲਾਟਾਂ ਦੇ ਰੇਟ 5000/-ਰੁ: ਪ੍ਰਤੀ ਵਰਗ ਗਜ ਨਿਰਧਾਰਤ ਕਰ ਦਿੱਤੇ ਜਾਣ।

8. ਮਾਮਲਾ ਵਿੱਤ ਤੇ ਲੇਖਾ ਕਮੇਟੀ ਦੇ ਸਨਮੁੱਖ ਪੈਰਾ-7 ਵਿਚ ਦਿੱਤੀ ਤਜਵੀਜ ਅਨੁਸਾਰ ਵਿਚਾਰ ਅਤੇ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਇਸ ਅਜੰਡੇ ਦੀ ਪ੍ਰਵਾਨਗੀ ਉਪ-ਸਭਾਪਤੀ, ਪੁੱਡਾ ਜੀ ਤੋਂ ਲੈ ਲਈ ਗਈ ਹੈ।

ਅਨੁਲੱਗ – I

**ਮੁੱਖ ਪ੍ਰਸ਼ਾਸ਼ਕ, ਪੁੱਡਾ ਜੀ ਵਲੋਂ ਮਿਤੀ 14-10-2009 ਨੂੰ ਬਾਅਦ ਦੁਪਿਹਰ 3.00 ਵਜੇ ਰਿਹਾਇਸ਼ੀ ਪਲਾਟਾਂ ਦੇ ਰੇਟ ਰੀਵਾਈਜ ਕਰਨ ਬਾਰੇ ਕੀਤੀ ਮੀਟਿੰਗ ਦੀ ਕਾਰਵਾਈ।**

ਮੀਟਿੰਗ ਵਿਚ ਹੇਠ ਲਿਖੇ ਅਧਿਕਾਰੀ ਹਾਜਰ ਹੋਏ:-

1. ਸ੍ਰੀ ਰਾਜੇਸ਼ ਸੋਢੀ, ਆਈ.ਆਰ.ਐਸ, ਵਧੀਕ ਮੁੱਖ ਪ੍ਰਸ਼ਾਸ਼ਕ (ਵਿੱਤ ਤੇ ਲੇਖਾ), ਪੁੱਡਾ, ਮੋਹਾਲੀ।
2. ਸ੍ਰੀਮਤੀ ਅੰਮ੍ਰਿਤ.ਕੇ.ਗਿੱਲ, ਪੀ.ਸੀ.ਐਸ, ਵਧੀਕ ਮੁੱਖ ਪ੍ਰਸ਼ਾਸਕ, ਪੁੱਡਾ,ਪਟਿਆਲਾ।
3. ਸ੍ਰੀ ਹਰਵੀਰ ਸਿੰਘ, ਪੀ.ਸੀ.ਐਸ, ਵਧੀਕ ਮੁੱਖ ਪ੍ਰਸ਼ਾਸਕ ਪੁੱਡਾ, ਜਲੰਧਰ।
4. ਸ੍ਰੀ ਐਸ.ਕੇ.ਹਾਂਡਾ, ਮੁੱਖ ਲੇਖਾ ਅਫਸਰ, ਪੁੱਡਾ, ਮੋਹਾਲੀ।
5. ਸ੍ਰੀ ਸੁਭਾਸ਼ ਚੰਦਰ ਰਾਣਾ, ਮਿਲਖ ਅਫਸਰ (ਪਾਲਿਸੀ), ਪੁੱਡਾ, ਮੋਹਾਲੀ।
6. ਸ੍ਰੀ ਵਿਜੈ ਆਨੰਦ, ਸੀਨੀਅਰ ਲੇਖਾ ਅਫਸਰ, ਪੁੱਡਾ, ਮੋਹਾਲੀ।
7. ਸ੍ਰੀ ਅੰਮਿਤ ਗਰਗ, ਭਾਗ ਅਫਸਰ (ਵਰਕਸ), ਬੀ.ਡੀ.ਏ, ਬਠਿੰਡਾ।

ਮੀਟਿੰਗ ਸ਼ੁਰੂ ਕਰਦੇ ਹੋਏ ਮੁੱਖ ਪ੍ਰਸ਼ਾਸਕ, ਪੁੱਡਾ ਜੀ ਨੇ ਸਬੰਧਤ ਵਧੀਕ ਮੁੱਖ ਪ੍ਰਸ਼ਾਸਕਾਂ ਵਲੋਂ ਉਨ੍ਹਾਂ ਅਧੀਨ ਆਉਂਦੇ ਸ਼ਹਿਰੀ ਮਿਲਖਾਂ ਵਿਚ ਰਿਹਾਇਸ਼ੀ ਪਲਾਟਾਂ ਦੇ ਤਾਜਾ ਮਾਰਕੀਟ ਰੇਟ ਅਤੇ ਤਜਵੀਜਤ ਰੇਟਾਂ ਸਬੰਧੀ ਜੋ ਸਿਫਾਰਸ਼ਾਂ ਭੇਜੀਆਂ ਗਈਆਂ ਹਨ ਤੇ ਵਿਚਾਰ-ਵਟਾਂਦਰਾ ਕੀਤਾ । ਉਨ੍ਹਾਂ ਦਸਿਆ ਕਿ ਵਧੀਕ ਮੁੱਖ ਪ੍ਰਸ਼ਾਸ਼ਕਾਂ ਵਲੋਂ ਤਜਵੀਜ ਕੀਤੇ ਗਏ ਰੇਟਾਂ ਵਿਚ 100 ਵਰਗ ਗਜ ਅਤੇ 101 ਵਰਗ ਗਜ ਤੋਂ 600 ਵਰਗ ਗਜ ਤੱਕ ਦੇ ਪਲਾਟਾਂ ਦੇ ਰੇਟਾਂ ਵਿਚ ਜਿਆਦਾ ਅੰਤਰ ਨਹੀਂ ਹੈ। ਵਿਚਾਰ-ਵਟਾਂਦਰਾ ਕਰਨ ਉਪਰੰਤ ਹੇਠ ਅਨੁਸਾਰ ਫੈਸਲੇ ਕੀਤੇ ਗਏ:-

1. ਗੁਰਦਾਸਪੁਰ ਵਿਖੇ ਸ਼ਹਿਰੀ ਮਿਲਖਾਂ ਦੇ ਤਜਵੀਜਤ ਰੇਟਾਂ ਬਾਰੇ ਭੋਂ ਪ੍ਰਾਪਤੀ ਦੀ ਕੀਮਤ ਅਤੇ ਅੰਦਾਜਨ ਡਿਵੈਲਪਮੈਂਟ ਖਰਚੇ ਦੇ ਅਧਾਰ ਤੇ ਰੇਟ ਵਰਕ-ਆਊਟ ਕਰਕੇ ਸਕੀਮ ਸ਼ੁਰੂ ਕਰਨ ਤੋਂ ਪਹਿਲਾਂ ਵਿੱਤ ਤੇ ਲੇਖਾ ਕਮੇਟੀ ਅਗੇ ਵੱਖਰੇ ਤੌਰ ਤੇ ਅਜੰਡਾ ਪੇਸ਼ ਕੀਤਾ ਜਾਵੇ।

2. 100 ਵਰਗ ਗਜ, 101 -600 ਵਰਗ ਗਜ ਅਤੇ 600 ਵਰਗ ਗਜ ਤੋਂ ਉਪਰ ਦੇ ਪਲਾਟਾਂ ਦੇ ਤਜਵੀਜ ਰੇਟਾਂ ਵਿਚ ਇਕੋ ਅਨੁਪਾਤ (same proportion ) ਰਖਿਆ ਜਾਵੇ ਜੋ ਕਿ ਇਸ ਸਮੇਂ ਮੌਜੂਦ ਹੈ।

3. ਸਬੰਧਤ ਵਧੀਕ ਮੁੱਖ ਪ੍ਰਸ਼ਾਸਕ ਉਪਰੋਕਤ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੀਆਂ ਸਿਫਾਰਸ਼ਾਂ ਪਿਛਲੀ ਬੋਲੀ ਦੀ ਕੀਮਤ, ਮੌਜੂਦਾ ਕੁਲੈਕਟਰ ਰੇਟ, ਪਿਛਲੀ ਬੋਲੀ ਦਾ 50% ਦਰਸਾਉਂਦੇ ਹੋਏ ਮੁੜ 15 ਦਿਨ ਦੇ ਅੰਦਰ-2 ਭੇਜਣਗੇ।

4. ਇਨ੍ਹਾਂ ਸਿਫਾਰਸ਼ਾਂ ਦੇ ਅਧਾਰ ਤੇ ਮੁੜ ਅਜੰਡਾ ਤਿਆਰ ਕੀਤਾ ਜਾਵੇ।

[illegible] – II

**Costing detail of Land and Development of Urban Estate Gurdaspur**

| | | | |
|---|---|---|---|
| **I** | **Land Cost** | | |
| i. | Total area of the Urban Estate | | 156 acres |
| i. | Cost of 156 acres of land acquired on 22.03.2007 (Compensation /Enhanced Compensation) | Rs. 34,07,75,914.00 | |
| iii. | Cost of land per acre ( 34,07,75,914.00 – 156 ) | | Rs. 21,84,460.00 |
| iv. | Add interest @ 15% on 21,84,460 w.e.f. 22.03.07 to 30.09.2010 i.e. 3 years | | Rs. 13,89,316.00 |
| v. | Total cost of land per acre | | Rs.35,73,776.00 (A) |
| **II** | **Development Cost** | | |
| i. | Development cost per acre intimated by CE, PUDA ( 3018.21÷156) | Rs. 1934,750.00 | Rs. 22,38,506.00 |
| ii. | Add Department/Admn charges @ 15.7% | Rs. 3,03,756.00 | |
| iii. | Add interest on 60% of Development cost of Rs. 22,38,506/- for 2 years @ 15% p.a. | | Rs. 4,02,931.00 |
| iv. | Total Development cost per acre | | Rs. 26,41,437.00(B) |
| **III** | **Other charges** | | |
| i. | Admn charges @ 3% on cost of land as per (A) above | Rs. 107213.00 | Rs. 3,73,777.00 (C) |
| ii. | Planning charges 50% saleable area Rs. 1/- per sq.yd. | Rs. 2420.00 | |
| iii. | Unforseen charges & escalation @ 10% of Dev. cost (B) above | Rs. 264144.00 | |
| IV | Total cost of land & Dev. Cost (A+B+C) | | Rs. 65,88,990.00 |
| V | Reserve price on no profit no loss basis assuming saleable area as 50% i.e.Rs. 65,88,990- 2420 | | Rs. 2723/- per sq.yds |
| VI | Add cross subsidy for EWS categories | | Rs. 250.00 per sq.yd |
| VII | Salable cost per sq.yds. | | Rs. 2973/- per sq.yd |
| | or say | | Rs. 3000/- per sq.yd |

Letter.doc

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ, ਮੁਹਾਲੀ ।

ਅਨੁਲਗ-3

ਸ਼ਹਿਰੀ ਮਿਲਖ ਗੁਰਦਾਸ ਪੁਰ ਵਿਖੇ ਰਿਹਾਇਸ਼ੀ ਪਲਾਟਾਂ ਦੇ ਰੇਟ ਨਿਰਧਾਰਤ ਕਰਨ ਸਬੰਧੀ ਤੁਲਨਾਤਮਕ ਵੇਰਵਾ ।

| ਲੜੀ ਨੰ: | ਸ਼ਹਿਰੀ ਮਿਲਖ ਦਾ ਨਾਂ | ਪਲਾਟ ਦਾ ਰਕਬਾ | ਪ੍ਰਚਲਤ ਰੇਟ (20-7-2006 ਤੋਂ) ਰੁਪਏ/ ਵਰਗ ਗਜ਼ | ਮੌਜੂਦਾ ਕੁਲੈਕਟਰ ਰੇਟ ਰੁਪਏ/ ਵਰਗ ਗਜ਼ | 30-09-2010 ਤੱਕ ਅਸਲ ਦੇ ਅਧਾਰ ਤੇ ਕੈਲਕੁਲੇਟ ਕੀਤਾ ਰੇਟ ਰੁਪਏ/ ਵਰਗ ਗਜ਼ | ਪਿਛਲੀ ਬੋਲੀ ਦੀ ਕੀਮਤ ਦਾ 50% ਰੁਪਏ /ਵਰਗ ਗਜ਼ | ਵਧੀਕ ਮੁੱਖ ਪ੍ਰਸ਼ਾਸਕ ਵਲੋਂ ਸਿਫਾਰਿਸ ਕੀਤਾ ਰੇਟ ਰੁਪਏ /ਵਰਗ ਗਜ਼ | ਪ੍ਰਚਲਤ ਰੇਟ ਵਿਚ 10% ਸਲਾਨਾ ਕੰਪਾਊਂਡ ਵਿਆਜ ਦਰ ਨਾਲ ਵਾਧਾ ਅਤੇ ਅਗਲੇ 50 ਅਤੇ 100 ਦੀ ਰਾਊਂਡਿੰਗ ਕਰਕੇ ਬਣਦਾ ਰੇਟ। ਰੁਪਏ /ਵਰਗ ਗਜ਼ |
|---|---|---|---|---|---|---|---|---|
| 1. | 2. | 3. | 4. | 5. | 6. | 7. | 8. | 9. |
| 1. | ਗੁਰਦਾਸ ਪੁਰ | 100 ਵਰਗ ਗਜ਼ ਤੱਕ<br>101 ਤੋਂ 600 ਵਰਗ ਗਜ਼ ਤੱਕ | 1900/-<br>3750/- | 1800/- (ਸਾਰੇ ਸਾਈਜਾਂ ਵਾਸਤੇ) | 3000/- (ਸਾਰੇ ਸਾਈਜਾਂ ਵਾਸਤੇ) | 4250/- (ਸਾਰੇ ਸਾਈਜਾਂ ਵਾਸਤੇ) | 4200/- (ਸਾਰੇ ਸਾਈਜਾਂ ਵਾਸਤੇ) | 5000/- (ਸਾਰੇ ਸਾਈਜਾਂ ਵਾਸਤੇ) |

Account Office (CPF)
Pb. Urban Pl. & Dev.
Authority SAS Nagar

12

Landscape

**ਅਜੰਡਾ ਆਈਟਮ ਨੰ: 59.04**
**(ਪਾਲਿਸੀ ਸਾਖਾ)**

**ਵਿਸ਼ਾ:** **ਦੰਗਾ ਪੀੜਤਾਂ ਨੂੰ ਪਟਿਆਲਾ ਵਿਖੇ 200 ਬੂਥ ਸਾਈਟਾਂ ਦੀ ਅਲਾਟਮੈਂਟ ਕਰਨ ਲਈ ਅਰਜੀਆਂ ਮੰਗਣ ਲਈ ਸਰਤਾਂ ਦੀ ਪ੍ਰਵਾਨਗੀ ਸਬੰਧੀ।**

1.0 ਪੰਜਾਬ ਸਰਕਾਰ ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ ਵਲੋਂ ਮੀਮੋ ਨੰਬਰ 9883 ਮਿਤੀ 16-12-08 (ਅਨੁਲੱਗ-1) ਰਾਹੀਂ ਲਏ ਗਏ ਫੈਸਲੇ ਅਨੁਸਾਰ ਲੁਧਿਆਣਾ, ਐਸ.ਏ.ਐਸ. ਨਗਰ ਅਤੇ ਪਟਿਆਲਾ ਵਿਖੇ ਕ੍ਰਮਵਾਰ 327, 200 ਅਤੇ 200 ਬੂਥ ਪੁੱਡਾ ਵਲੋਂ ਸਬੰਧਤ ਡਿਪਟੀ ਕਮਿਸ਼ਨਰ ਦੀ ਸਲਾਹ ਨਾਲ ਯੋਗ ਦੰਗਾ ਪੀੜਤਾਂ ਨੂੰ ਆਖਰੀ ਬੋਲੀ ਦੀ 50% ਕੀਮਤ ਤੇ ਅਲਾਟ ਕੀਤੇ ਜਾਣੇ ਹਨ । ਗਲਾਡਾ, ਲੁਧਿਆਣਾ ਵਲੋਂ 327 ਬੂਥਾਂ ਦੀ ਦੰਗਾ ਪੀੜਤਾਂ ਨੂੰ ਅਲਾਟਮੈਂਟ ਕੀਤੀ ਜਾ ਚੁੱਕੀ ਹੈ । ਜਿੱਥੋਂ ਤੱਕ ਮੁਹਾਲੀ ਵਿਖੇ 200 ਬੂਥਾਂ ਦੀ ਸਾਈਟ ਦਾ ਸਬੰਧ ਹੈ, ਇਸ ਸਬੰਧ ਵਿੱਚ ਗਮਾਡਾ ਵਲੋਂ ਦੰਗਾ ਪੀੜਤਾਂ ਤੋਂ ਅਖਬਾਰਾਂ ਰਾਹੀਂ ਅਰਜੀਆਂ ਮੰਗੀਆਂ ਜਾ ਚੁੱਕੀਆਂ ਹਨ । ਜਿੱਥੋਂ ਤੱਕ ਪਟਿਆਲਾ ਵਿਖੇ 200 ਬੂਥਾਂ ਦੀ ਜਗ੍ਹਾ ਅਲਾਟ ਕਰਨ ਦਾ ਸਬੰਧ ਹੈ, ਇਸ ਸਬੰਧ ਵਿੱਚ ਮਿਲਖ ਅਫਸਰ ਪੁੱਡਾ ਪਟਿਆਲਾ ਵਲੋਂ ਪੱਤਰ ਮਿਤੀ 23-06-2010 ਰਾਹੀਂ ਪ੍ਰਾਪਤ ਹੋਈ ਰਿਪੋਰਟ ਅਨੁਸਾਰ 200 ਬੂਥ ਸਾਈਜ 8'x10' ਅਰਬਨ ਅਸਟੇਟ ਫੇਜ-2 ਪਾਰਟ-1 ਪਟਿਆਲਾ ਵਿਖੇ ਈਅਰ ਮਾਰਕ ਕੀਤੇ ਜਾ ਚੁੱਕੇ ਹਨ ਅਤੇ ਇਹਨਾਂ ਬੂਥ ਸਾਈਟਾਂ ਸਬੰਧੀ ਡਿਵੈਲਪਮੈਂਟ ਦੇ ਕੰਮ ਪ੍ਰਗਤੀ ਅਧੀਨ ਹਨ ।

2.0 ਪਟਿਆਲਾ ਵਿਖੇ 200 ਬੂਥ ਸਾਈਟਾਂ ਸਬੰਧੀ ਪੰਜਾਬ ਸਰਕਾਰ ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ ਨੂੰ ਪਹਿਲਾਂ ਭੇਜੇ ਗਏ ਕਲੇਮ ਵਿੱਚ ਜੋ ਕਿ ਭੋਂ ਦੀ ਅਲਾਟਮੈਂਟ ਦੀ ਕੀਮਤ ਤੇ ਤਿਆਰ ਕੀਤਾ ਗਿਆ ਸੀ, ਉਸ ਦਾ 248 ਲੱਖ ਰੁਪਏ ਦਾ ਕਲੇਮ ਸਰਕਾਰ ਤੋਂ ਪ੍ਰਾਪਤ ਹੋ ਚੁੱਕਿਆ ਹੈ। ਸਰਕਾਰ ਵਲੋਂ ਪੱਤਰ ਮਿਤੀ 16-12-2008 ਰਾਹੀਂ ਲਏ ਗਏ ਫੈਸਲੇ ਅਨੁਸਾਰ ਇਹਨਾਂ ਬੂਥਾਂ ਦਾ ਰਿਵਾਈਜਡ ਕਲੇਮ ਤਿਆਰ ਕੀਤਾ ਗਿਆ ਹੈ ਜਿਸ ਅਨੁਸਾਰ ਇਹਨਾਂ 200 ਬੂਥਾਂ ਦੀ 50% ਕੀਮਤ 1179.20 ਲੱਖ ਰੁਪਏ ਬਣਦੀ ਹੈ ਅਤੇ ਸਰਕਾਰ ਤੋਂ ਇਸ ਦਾ ਬਾਕੀ ਰਹਿੰਦਾ 931.20 ਲੱਖ ਰੁਪਏ ਦਾ ਕਲੇਮ ਦਫਤਰ ਵਲੋਂ ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ ਨੂੰ ਪੱਤਰ ਨੰਬਰ 2838 ਮਿਤੀ 13-05-10 (ਅਨੁਲੱਗ-2) ਰਾਹੀਂ ਭੇਜਿਆ ਜਾ ਚੁੱਕਿਆ ਹੈ। ਪਰ ਸਰਕਾਰ ਵਲੋਂ ਇਹ ਰਕਮ ਪੁੱਡਾ ਨੂੰ ਅਜੇ ਪ੍ਰਾਪਤ ਨਹੀਂ ਹੋਈ ਹੈ। ਸਰਕਾਰ ਵਲੋਂ ਲਏ ਗਏ ਫੈਸਲੇ ਅਨੁਸਾਰ ਦੰਗਾ ਪੀੜਤਾਂ ਨੂੰ ਇਹ ਬੂਥ ਆਖਰੀ ਬੋਲੀ ਦੀ 50% ਕੀਮਤ ਤੇ ਅਲਾਟ ਕੀਤੇ ਜਾਣੇ ਹਨ, ਜਿਸ ਅਨੁਸਾਰ ਪਟਿਆਲਾ ਦੀ ਬੂਥ ਸਾਇਟ ਦੀ ਕੀਮਤ 5,89,600/- ਬਣਦੀ ਹੈ ਜੋ ਕਿ ਰਾਉਂਡ-ਅਪ ਕਰਕੇ 5,90,000/- ਰੁਪਏ ਹੋ ਜਾਂਦੀ ਹੈ।

3.0 ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 23-12-2009 ਨੂੰ ਹੋਈ ਮੀਟਿੰਗ ਵਿੱਚ ਦੰਗਾਂ ਪੀੜਤਾਂ ਨੂੰ ਮਕਾਨਾਂ ਅਤੇ ਬੂੱਥਾਂ ਦੀ ਅਲਾਟਮੈਂਟ ਸਬੰਧੀ ਲਏ ਗਏ ਫੈਸਲਿਆਂ ਤੇ ਤੁਰੰਤ ਕਾਰਵਾਈ ਕਰਨ ਦੇ ਆਦੇਸ ਦਿੱਤੇ ਗਏ ਹਨ। ਇਸ ਲਈ ਪਟਿਆਲਾ ਵਿਖੇ 200 ਬੂਥ ਸਾਇਟਾ ਦੀ ਸਿੱਖ ਦੰਗਾ ਪੀੜਤ ਪਰਿਵਾਰਾਂ ਨੂੰ ਅਲਾਟਮੈਂਟ ਲਈ ਅਰਜੀਆਂ ਮੰਗਣ ਸਬੰਧੀ ਸ਼ਰਤਾਂ ਤਿਆਰ ਕੀਤੀਆਂ ਗਈਆਂ ਹਨ ਜੋ ਕਿ ਅਨੁਲੱਗ-3 ਤੇ ਰੱਖੀਆਂ ਜਾਂਦੀਆਂ ਹਨ। ਕਿਸੇ ਸਕੀਮ ਦੀਆਂ ਸ਼ਰਤਾਂ ਦੀ ਪ੍ਰਵਾਨਗੀ ਦੇਣ ਲਈ ਪੁੱਡਾ ਦੀ ਵਿੱਤ ਤੇ ਲੇਖਾ ਕਮੇਟੀ ਸਮਰੱਥ ਹ।

4.0 ਉਪਰੋਕਤ ਦਰਸਾਈ ਗਈ ਸਥਿਤੀ ਦੇ ਸਨਮੁੱਖ ਪਟਿਆਲਾ ਵਿਖੇ 200 ਬੁੱਥ ਸਾਇਟਾਂ ਦੀ ਦੰਗਾ ਪੀੜਤ ਪਰਿਵਾਰਾਂ ਨੂੰ ਅਲਾਟਮੈਂਟ ਕਰਨ ਸਬੰਧੀ ਮਾਮਲਾ ਵਿੱਤ ਤੇ ਲੇਖਾ ਕਮੇਟੀ ਦੇ ਸਨਮੁੱਖ ਹੇਠ ਲਿਖੇ ਮੁਦਿਆਂ ਤੇ ਵਿਚਾਰਨ ਅਤੇ ਫੈਸਲੇ ਲਈ ਪੇਸ਼ ਹੈ ਜੀ:-

1. ਪਟਿਆਲਾ ਵਿਖੇ 200 ਬੂੱਥ ਸਾਇਟਾਂ ਦੀ ਸਿੱਖ ਦੰਗਾ ਪੀੜਤ ਪਰਿਵਾਰਾਂ ਨੂੰ ਸਰਕਾਰ ਤੋਂ ਰਹਿੰਦੇ ਕਲੇਮ 931.20 ਲੱਖ ਰੁਪਏ ਦੀ ਅਦਾਇਗੀ ਦੀ ਆਸ ਵਿਚ ਅਲਾਟਮੈਂਟ ਕਰਨ ਦੀ ਪ੍ਰਵਾਨਗੀ ਦੇਣ ਸਬੰਧੀ।

2. ਪਟਿਆਲਾ ਵਿਖੇ 200 ਬੂੱਥ ਸਾਇਟਾਂ ਦੀ ਦੰਗਾ ਪੀੜਤ ਪਰਿਵਾਰਾਂ ਨੂੰ ਅਲਾਟਮੈਂਟ ਕਰਨ ਸਬੰਧੀ ਅਨੁੱਲਗ (3) ਤੇ ਰੱਖੀਆਂ ਅਰਜੀਆਂ ਮੰਗਣ ਸਬੰਧੀ ਸਰਤਾਂ ਦੀ ਪ੍ਰਵਾਨਗੀ ਦੇਣ ਸਬੰਧੀ।

ਇਹ ਅਜੰਡਾ ਮਾਨਯੋਗ ਵਾਈਸ ਚੇਅਰਮੈਨ, ਪੁੱਡਾ ਵਲੋਂ ਪ੍ਰਵਾਨ ਕੀਤਾ ਗਿਆ ਹੈ।

127 (56) 106 (ਅਨਲੱਗ-I)

ਪੰਜਾਬ ਸਰਕਾਰ
ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ
(ਡੀ.ਐਮ. 3 ਸਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਡਿਪਟੀ ਕਮਿਸਨਰ।

ਮੀਮੋ ਨੰ:3/3/2008-2-ਡੀ.ਐਮ-3/9883
ਚੰਡੀਗੜ੍ਹ, ਮਿਤੀ: 16.12.2008

ਵਿਸਾ:- ਸਿੱਖ ਦੰਗਾਪੀੜਤ ਪਰਿਵਾਰਾਂ ਨੂੰ ਮਕਾਨਾਂ/ਬੂਥਾਂ ਦੀ ਅਲਾਟਮੈਂਟ ਬਾਰੇ।

ਹਵਾਲਾ:- ਇਸ ਵਿਭਾਗ ਦਾ ਪੱਤਰ ਨੰ: 3/3/08-2 ਡੀ.ਐਮ.3/8754 ਮਿਤੀ 3.11.08

---

ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਇਸ ਵਿਭਾਗ ਦੇ ਮੀਮੋ ਨੰ: 1/1/2003-1-ਡੀ.ਐਮ-3/2774 ਮਿਤੀ 6.3.2006 ਦੇ ਪੈਰਾ 1 (1) ਵਿੱਚ ਹੋਰ ਅੰਸਿਕ ਸੋਧ ਕਰਦਿਆਂ ਸਰਕਾਰ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਲੁਧਿਆਣਾ, ਐਸ.ਏ.ਐਸ.ਨਗਰ ਅਤੇ ਪਟਿਆਲਾ ਵਿਖੇ ਕ੍ਰਮਵਾਰ 327, 200 ਅਤੇ 200 ਬੂਥਾਂ ਦੀ ਜਗ੍ਹਾ ਪੂਡਾ ਵੱਲੋ ਸਬੰਧਤ ਡਿਪਟੀ ਕਮਿਸਨਰਾਂ ਦੀ ਸਲਾਹ ਨਾਲ ਯੋਗ ਦੰਗਾਪੀੜਤਾਂ ਨੂੰ ਆਖਰੀ ਬੋਲੀ ਦੀ 50% ਕੀਮਤ ਤੇ ਅਲਾਟ ਕੀਤੇ ਜਾਣ ਅਤੇ ਡਿਪਟੀ ਕਮਿਸਨਰ, ਲੁਧਿਆਣਾ ਵੱਲੋ ਪੱਤਰ ਨੰ: 1438/ਆਰ.ਆਰ.ਏ. ਮਿਤੀ 19.11.08 ਅਤੇ 1382/ਆਰ.ਆਰ.ਏ. ਮਿਤੀ 17-11-08 ਰਾਹੀਂ ਸੂਚਿਤ ਕੀਤੇ ਅਨੁਸਾਰ ਲੁਧਿਆਣਾ ਸਥਿਤ ਕ੍ਰਮਵਾਰ ਖਾਲੀ 295 ਅਤੇ ਦੰਗਾਪੀੜਤਾਂ ਦੇ ਨਜਾਇਜ ਕਬਜਿਆਂ ਹੇਠਲੇ 69, ਕੁੱਲ 364 ਸਰਕਾਰੀ ਸਟਾਫ ਕੁਆਰਟਰ ਵੀ ਪੂਡਾ ਦੇ ਮਕਾਨਾਂ ਵਾਂਗ ਸਾਲ 1991-92 ਦੀ ਕੀਮਤ ਤੇ ਦੰਗਾਪੀੜਤਾਂ ਨੂੰ ਡਿਪਟੀ ਕਮਿਸਨਰ, ਲੁਧਿਆਣਾ ਵੱਲੋ ਬਕਾਇਦਾ ਅਲਾਟ ਕੀਤੇ ਜਾਣ।

2. ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਫੈਸਲੇ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਸਰਕਾਰ ਨੂੰ ਤੁਰੰਤ ਭੇਜੀ ਜਾਵੇ।

ਅਧੀਨ ਸਕੱਤਰ ਮਾਲ (ਮ)

ਉਤਾਰਾ ਸਕੱਤਰ, ਪੰਜਾਬ ਸਰਕਾਰ, ਮਕਾਨ ਉਸਾਰੀ ਅਤੇ ਸਹਿਰੀ ਵਿਕਾਸ ਵਿਭਾਗ ਨੂੰ ਇਸ ਵਿਭਾਗ ਦੇ ਅੰ:ਵਿ:ਪੱ: ਨੰ: 3/3/2008-2 ਡੀ.ਐਮ.3/8755 ਮਿਤੀ 3.11.2008 ਦੀ ਲਗਾਤਾਰਤਾ ਵਿੱਚ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਮਾਲ (ਮ)

ਸੇਵਾ ਵਿਖੇ

ਸਕੱਤਰ,ਪੰਜਾਬ ਸਰਕਾਰ,
ਮਕਾਨ ਉਸਾਰੀ ਅਤੇ ਸਹਿਰੀ ਵਿਕਾਸ ਵਿਭਾਗ।

ਅੰ.ਵਿ.ਪੱਤਰ ਨੰ:3/3/2008-2-ਡੀ.ਐਮ-3/9884 ਚੰਡੀਗੜ੍ਹ, ਮਿਤੀ 16.12.2008

(ਅਨੁਲੱਗ-2)

# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ, ਐਸ.ਏ.ਐਸ ਨਗਰ

ਨੰ: ਪੁੱਡਾ-ਲੇਖਾ-(ਵਰਕਸ)-2010/2837 ਮਿਤੀ: 13-5-10

ਸੇਵਾ ਵਿਖੇ

ਅਧੀਨ ਸਕੱਤਰ,
ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ,
(ਡੀ.ਐਮ-3 ਸ਼ਾਖਾ), ਪੰਜਾਬ ਸਰਕਾਰ,
ਚੰਡੀਗੜ੍ਹ।

ਵਿਸ਼ਾ:- **ਸਿੱਖ ਦੰਗਾ ਪੀੜ੍ਹਤ ਪਰਿਵਾਰਾਂ ਨੂੰ ਪਟਿਆਲਾ ਵਿਖੇ 200 ਬੂਥ ਅਲਾਟ ਕਰਨ ਸਬੰਧੀ ਸੋਧੇ ਕਲੇਮ ਦੀ ਅਦਾਇਗੀ ਬਾਰੇ।**

ਉਪਰੋਕਤ ਵਿਸ਼ੇ ਤੇ ਆਪ ਦੇ ਮੀਮੋ ਨੰ: 3/3/08/2-ਡੀ.ਐਮ/9883 ਮਿਤੀ 16-12-2008 ਵੱਲ ਧਿਆਨ ਦੇਣ ਦੀ ਕਿਰਪਾਲਤਾ ਕਰਨਾ ਜੀ।

ਵਿਸ਼ਾ ਅੰਕਿਤ ਹਵਾਲੇ ਦੇ ਸਬੰਧ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਹਵਾਲੇ ਅਧੀਨ ਪੱਤਰ ਰਾਹੀਂ ਆਪ ਵਲੋਂ ਸੂਚਿਤ ਕੀਤਾ ਗਿਆ ਹੈ ਕਿ ਪਟਿਆਲਾ ਵਿਖੇ 200 ਬੂਥ ਸਾਈਟਾਂ ਯੋਗ ਦੰਗਾ ਪੀੜਤਾਂ ਨੂੰ ਮਿਤੀ 16-12-08 ਤੋਂ ਪਹਿਲਾਂ ਕਰਵਾਈ ਗਈ ਆਖਰੀ ਬੋਲੀ ਦੀ 50% ਕੀਮਤ ਤੇ ਅਲਾਟ ਕੀਤੀਆਂ ਜਾਣ।

2. ਇਸ ਸਬੰਧ ਵਿਚ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਪੁੱਡਾ ਵਲੋਂ ਜੋ 8102.22 ਲੱਖ ਰੁਪਏ ਦਾ ਕਲੇਮ (ਬੂਥਾਂ ਤੇ ਮਕਾਨਾਂ) ਭੇਜਿਆ ਗਿਆ ਸੀ ਉਸ ਵਿਚ ਲੜੀ ਨੰ: (6) ਕਲੇਮ ਨੰ: (5) ਤੇ ਪਟਿਆਲਾ ਵਿਖੇ 200 ਬੂਥਾਂ ਸਬੰਧੀ 248.00 ਲੱਖ ਰੁਪਏ ਦਾ ਕਲੇਮ ਸ਼ਾਮਲ ਕੀਤਾ ਗਿਆ ਸੀ, ਉਹ ਉਸ ਸਮੇਂ ਬਿਲਟ-ਅਪ ਬੂਥਾਂ ਵਾਸਤੇ ਰਿਜ਼ਰਵ ਕੀਮਤ ਨਿਰਧਾਰਤ ਕਰਨ ਸਬੰਧੀ ਪ੍ਰਵਾਨਤ ਪਾਲਿਸੀ/ਫਾਰਮੂਲੇ ਅਨੁਸਾਰ ਤਿਆਰ ਕੀਤਾ ਗਿਆ ਸੀ।

3. ਹੁਣ ਸਰਕਾਰ ਵਲੋਂ ਲਏ ਗਏ ਉਪਰੋਕਤ ਫੈਸਲੇ ਦੇ ਸਨਮੁੱਖ ਆਖਰੀ ਬੋਲੀ ਦੇ 50% ਕੀਮਤ ਦੇ ਅਧਾਰ ਤੇ ਸੋਧਿਆ ਕਲੇਮ ਤਿਆਰ ਕੀਤਾ ਗਿਆ ਹੈ ਜੋ ਕਿ 1179.20 ਲੱਖ ਰੁਪਏ ਬਣਦਾ ਹੈ (ਕਾਪੀ ਨੱਥੀ)। ਇੰਜ ਇਸ ਸੋਧੇ ਹੋਏ ਕਲੇਮ ਮੁਤਾਬਿਕ ਪਹਿਲਾਂ ਭੇਜੇ ਗਏ 248.00 ਲੱਖ ਰੁਪਏ ਦੀ ਰਕਮ ਤੋਂ ਇਲਾਵਾ 931.20 ਲੱਖ ਰੁਪਏ (1179.20-248.00) ਦੀ ਹੋਰ ਰਕਮ ਦੀ ਪ੍ਰਤੀ-ਪੂਰਤੀ ਆਪ ਦੇ ਦਫਤਰ ਵਲੋਂ ਕੀਤੀ ਜਾਣੀ ਬਣਦੀ ਹੈ।

4. ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਵਲੋਂ ਪੱਤਰ ਮਿਤੀ 3-11-2008 ਰਾਹੀਂ ਲਏ ਗਏ ਫੈਸਲੇ ਦੇ ਸਨਮੁੱਖ ਦੰਗਾ ਪੀੜਤ ਪਰਿਵਾਰਾਂ ਨੂੰ ਪਟਿਆਲਾ ਵਿਖੇ 10×8 (8.89 ਵ:ਗਜ) ਸਾਈਜ ਦੇ ਬੂਥ ਸਾਈਟਾਂ ਅਲਾਟ ਕਰਨ ਸਬੰਧੀ 931.20 ਲੱਖ ਰੁਪਏ ਦੇ ਸੋਧੇ ਹੋਏ ਕਲੇਮ ਦੀ ਪ੍ਰਤੀ-ਪੂਰਤੀ ਜਲਦ ਤੋਂ ਜਲਦ ਇਸ ਦਫਤਰ ਨੂੰ ਕੀਤੀ ਜਾਵੇ ਤਾਂ ਜੋ ਬੂਥ ਸਾਈਟਾਂ ਦੀ ਅਲਾਟਮੈਂਟ ਕਰਨ ਸਬੰਧੀ ਕਾਰਵਾਈ ਕੀਤੀ ਜਾ ਸਕੇ।

ਨੱਥੀ/ਉਪਰੋਕਤ ਅਨੁਸਾਰ

ਸੀਨੀਅਰ ਲੇਖਾ ਅਫ਼ਸਰ

Claim of PUDA towards 200 No. booth sites in Phase-II at Urban Estate, Patiala to be allotted to Sikh Riot Victim families of 1984

| Sr. No. | Description | Land cost per dwelling unit as per decision of the Cabinet i.e. last auction before 16.12.2008 (Amount /Rs.) | 50% cost to be paid by the Govt. (Deptt. of Revenue, Relief & Disaster Management (Amount in lacs) | Amount of claim already received from the Govt. (Deptt. of Revenue, Relief & Disaster Management out of total Rs. 8102.22 lacs against 200 No. booths at Patiala (Amount in lacs) | Difference of Amount to be paid by the Punjab Govt. (Deptt. of Revenue Relief & Disaster Management ) (Amount in lacs) |
|---|---|---|---|---|---|
| 1. | 2. | 3. | 4. | 5. | 6. |
| 1. | 200 No. Booth sites in Phase-II at Urban Estate Patiala. ( 10'x8'= 8.89 sq.yds.) | 11,79,200/- ( 132638 x 8.89 ) | 1179.20 (11,79,200 x 200 ÷ 2) | 248.00 | 931.20 |

Senior Accounts Officer

(ਅਨੁਲੱਗ-3)

ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ, ਪਟਿਆਲਾ

# ਦੰਗਾ ਪੀੜਤਾਂ ਨੂੰ ਪਟਿਆਲਾ ਵਿਖੇ 200 ਬੂਥ ਸਾਈਟਾਂ ਦੀ ਅਲਾਟਮੈਂਟ ਲਈ ਅਰਜੀਆਂ ਮੰਗਣ ਸਬੰਧੀ ਪਬਲਿਕ ਨੋਟਿਸ

ਪੰਜਾਬ ਸਰਕਾਰ ਵਲੋਂ ਲਏ ਗਏ ਫੈਸਲੇ ਦੇ ਸਨਮੁੱਖ ਸਿੱਖ ਦੰਗਾਂ ਪੀੜਤ ਪਰਿਵਾਰਾਂ ਨੂੰ ਅਰਬਨ ਅਸਟੇਟ, ਫੇਜ-1 ਅਤੇ 2, ਪਟਿਆਲਾ ਵਿਖੇ 10'x8' (8.88 ਵਰਗ ਗਜ) ਦੇ 200 ਬੂਥ (ਸਾਈਟਾਂ) ਦੀ ਅਲਾਟਮੈਂਟ 5,90,000/- (ਪੰਜ ਲੱਖ ਨੱਬੇਂ ਹਜਾਰ ਰੁਪਏ) ਪ੍ਰਤੀ ਬੂਥ ਦੀ ਕੀਮਤ ਤੇ ਅਲਾਟ ਕਰਨ ਲਈ ਮਿਤੀ................ਤੱਕ ਅਰਜੀਆਂ ਮੰਗੀਆਂ ਜਾਂਦੀਆਂ ਹਨ । ਨਿਰਧਾਰਿਤ ਕੀਤਾ ਅਰਜੀ ਫਾਰਮ ਮਿਲਖ ਅਫਸਰ, ਪੁੱਡਾ, ਪਟਿਆਲਾ ਦੇ ਦਫਤਰ ਤੋਂ ਕਿਸੇ ਵੀ ਕੰਮ ਕਾਜ ਵਾਲੇ ਦਿਨ 10/- ਰੁਪਏ ਦੀ ਰਕਮ ਜਮਾਂ ਕਰਵਾ ਪ੍ਰਾਪਤ ਕੀਤਾ ਜਾ ਸਕਦਾ ਹੈ। ਬਿਨੈਕਾਰ ਵਲੋਂ ਆਪਣੀ ਅਰਜੀ ਨਿਰਧਾਰਿਤ ਕੀਤੇ ਪ੍ਰਫਾਰਮੇ ਤੇ, ਸਬੰਧਤ ਡਿਪਟੀ ਕਮਿਸ਼ਨਰ ਤੋਂ ਤਸਦੀਕ ਕਰਵਾਉਣ ਉਪਰੰਤ ਸਮੇਤ ਬਿਆਨਾ ਰਕਮ ਮਿਲਖ ਅਫਸਰ ਪੁੱਡਾ ਪਟਿਆਲਾ ਦੇ ਦਫਤਰ ਵਿੱਚ ਨਿਸਚਿਤ ਕੀਤੀ ਗਈ ਮਿਤੀ ਤੱਕ ਪੇਸ਼ ਕੀਤੀ ਜਾਵੇਗੀ । ਅਧੂਰੀ ਅਰਜੀ ਵਿਚਾਰੀ ਨਹੀਂ ਜਾਵੇਗੀ ।

1. <u>ਅਰਜੀ ਦੇਣ ਲਈ ਯੋਗਤਾਵਾਂ:</u>
   - i) ਦੰਗਾਂ ਪੀੜਤ ਲਾਲ ਕਾਰਡ ਹੋਲਡਰ ਹੋਵੇ ਅਤੇ ਸਾਲ 1986 ਤੋਂ ਲਗਾਤਾਰ ਪੰਜਾਬ ਵਿੱਚ ਰਹਿ ਰਿਹਾ ਹੋਵੇ।
   - ii) ਬਿਨੈਕਾਰ ਜਾਂ ਉਸਦੇ ਆਸ਼ਿਰਤ ਪਰਿਵਾਰ ਦੇ ਮੈਂਬਰ ਦੇ ਨਾਮ ਤੇ ਪਟਿਆਲਾ ਵਿਖੇ ਕੋਈ ਕਮਰਸੀਅਲ ਸਾਈਟ ਨਹੀਂ ਹੋਣੀ ਚਾਹੀਦੀ ਹੈ ਅਤੇ ਨਾ ਹੀ ਭਾਰਤ ਵਿੱਚ ਕਿਸੇ ਵੀ ਸਰਕਾਰੀ ਜਾਂ ਅਰਧ ਸਰਕਾਰੀ ਅਦਾਰੇ ਵਲੋਂ ਦੰਗਾਂ ਪੀੜਤ ਕੈਟਾਗਰੀ ਅਧੀਨ ਵਪਾਰਕ ਸਾਈਟ ਦੀ ਅਲਾਟਮੈਂਟ ਕੀਤੀ ਗਈ ਹੋਵੇ।
   - iii) ਸਰਕਾਰ ਵਲੋਂ ਜਾਰੀ ਕੀਤੀਆਂ ਹਦਾਇਤਾਂ ਦੇ ਸਨਮੁੱਖ ਜਿਹਨਾਂ ਦੰਗਾ ਪੀੜਤ ਵਿਅਕਤੀਆਂ ਨੂੰ ਮਕਾਨ/ਪਲਾਟ ਦੀ ਅਲਾਟਮੈਂਟ ਨਹੀਂ ਹੋਈ ਉਹਨਾਂ ਨੂੰ, ਜਿਹਨਾਂ ਸਿੱਖ ਦੰਗਾ ਪੀੜਤਾਂ ਨੂੰ ਅਜਿਹੀ ਅਲਾਟਮੈਂਟ ਹੋ ਚੁੱਕੀ ਹੈ, ਦੀ ਤੁਲਨਾ ਵਿੱਚ ਤਰਜੀਹ ਦਿੱਤੀ ਜਾਵੇਗੀ।

2. ਬੂਥ ਦੀ ਕੀਮਤ: 5,90,000/-
   (ਪੰਜ ਲੱਖ ਨੱਬੇਂ ਹਜਾਰ ਰੁਪਏ)

3. 10% ਬਿਆਨਾ ਰਕਮ: 59,000/-ਰੁਪਏ
   (ਉਨਾਹਠ ਹਜਾਰ ਰੁਪਏ)

4. 15% ਰਕਮ — ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋਂ 30 ਦਿਨਾ ਦੇ ਅੰਦਰ-ਅੰਦਰ ਜਮਾਂ ਕਰਵਾਉਣੀ ਹੋਵੇਗੀ।

5. 75% ਰਕਮ — ਇਹ ਰਕਮ ਚਾਰ ਬਰਾਬਰ ਸਲਾਨਾ ਕਿਸਤਾਂ ਵਿੱਚ ਸਮੇਤ 12% ਵਿਆਜ ਦੇ ਜਮਾਂ ਕਰਵਾਉਣੀ ਹੋਵੇਗੀ ਜਾਂ ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਯੱਕਮੁਸਤ ਜਮਾਂ ਕਰਵਾਈ ਜਾ ਸਕਦੀ ਹੈ। ਜੇਕਰ ਇਸ ਨਿਰਧਾਰਤ ਸਮੇਂ ਅੰਦਰ ਜਮਾਂ ਕਰਵਾਈ ਜਾਂਦੀ ਹੈ ਤਾਂ ਇਸ 75% ਰਕਮ ਤੇ 5% ਰਿਬੇਟ ਦਿੱਤੀ

6. <u>ਅਰਜੀਆਂ ਦੀ ਛਾਣਬੀਣ ਅਤੇ ਡਰਾਅ ਲਈ ਸਮਾਂ</u>

ਵਿਗਿਆਪਨ ਵਿਰੁੱਧ ਪ੍ਰਾਪਤ ਹੋਈਆਂ ਅਰਜੀਆਂ ਦੀ ਛਾਣਬੀਣ ਉਪਰੰਤ ਯੋਗ ਪਾਈਆਂ ਗਈਆਂ ਅਰਜੀਆਂ ਦਾ ਸਕੀਮ ਖਤਮ ਹੋਣ ਤੋਂ 6 ਮਹੀਨੇ ਦੇ ਅੰਦਰ ਅੰਦਰ ਡਰਾਅ ਕੱਢਣ ਉਪਰੰਤ ਅਸਫਲ ਹੋਏ ਬਿਨੈਕਾਰਾਂ ਦੀ ਬਿਆਨਾ ਰਕਮ ਰਿਫੰਡ ਕੀਤੀ ਜਾਵੇਗੀ । ਇਸ ਨਿਰਧਾਰਤ ਕੀਤੇ ਗਏ ਸਮੇਂ ਅੰਦਰ ਜੇਕਰ ਕਿਸੇ ਕਾਰਣ ਕਰਕੇ ਬਿਆਨੇ ਦੀ ਰਕਮ ਰਿਫੰਡ ਕਰਨ ਵਿੱਚ ਦੇਰੀ ਹੁੰਦੀ ਹੈ ਤਾਂ ਇਸ ਮਿਤੀ ਤੋਂ ਬਾਅਦ ਦੇ ਸਮੇਂ ਦਾ ਬਿਆਨਾ ਰਕਮ ਤੇ 5% ਵਿਆਜ ਦਿੱਤਾ ਜਾਵੇਗਾ।

7. **ਟਰਾਂਸਫਰ/ਸੇਲ ਕਰਨ ਸਬੰਧੀ**

ਇਹ ਬੂਥ ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋਂ 10 ਸਾਲ ਤੱਕ ਟਰਾਂਸਫਰ/ਸੇਲ ਕਰਨ ਯੋਗ ਨਹੀਂ ਹੋਣਗੇ

8. ਉਸਾਰੀ ਲਈ ਸਮਾਂ

ਬੂਥ ਦੇ ਕਬਜੇ ਦੀ ਮਿਤੀ ਤੋਂ ਉਸਾਰੀ ਲਈ 3 ਸਾਲ ਦਾ ਸਮਾਂ ਦਿੱਤਾ ਜਾਵੇਗਾ । ਜੇਕਰ ਇਸ ਸਮੇਂ ਤੱਕ ਉਸਾਰੀ ਨਹੀਂ ਕੀਤੀ ਜਾਂਦੀ ਹੈ ਤਾਂ ਇਹ ਸਮਾਂ ਪੁੱਡਾ ਦੀ ਪਾਲਿਸੀ/ਰੂਲਾਂ ਦੇ ਸਨਮੁੱਖ ਨਾਨ ਉਸਾਰੀ ਫੀਸ ਲੈਣ ਉਪਰੰਤ ਵਧਾਇਆ ਜਾ ਸਕਦਾ ਹੈ।

| | |
|---|---|
| ਵਧੀਕ ਮੁੱਖ ਪ੍ਰਸਾਸਕ,<br>ਪੁੱਡਾ, ਪਟਿਆਲਾ | ਮਿਲਖ ਅਫਸਰ,<br>ਪੁੱਡਾ, ਪਟਿਆਲਾ |

ਫਾਰਮ ਨੰ:

ਕੀਮਤ 10/- ਰੁਪਏ

**ਦੰਗਾ ਪੀੜਤਾਂ ਨੂੰ ਪਟਿਆਲਾ ਵਿਖੇ 200 ਬੂਥ ਸਾਈਟਾਂ ਦੀ ਅਲਾਟਮੈਂਟ ਲਈ ਅਰਜੀ ਦਾ ਪ੍ਰੋਫਾਰਮਾ**

ਬਿਨੈਕਾਰ ਦੀ ਤਸਦੀਕ-ਸ਼ੁਦਾ ਫੋਟੋ

1. ਬਿਨੈਕਾਰ ਦਾ ਨਾਂ
2. ਪਿਤਾ/ਪਤੀ ਦਾ ਨਾਂ
3. ਜਨਮ ਦੀ ਮਿਤੀ
4. ਸਥਾਈ ਪਤਾ
5. ਪੱਤਰ ਵਿਹਾਰ ਲਈ ਪਤਾ
6. ਮਹੀਨਾਵਾਰ ਪ੍ਰੀਵਾਰਕ ਆਮਦਨ ਅਤੇ ਉਸ ਦਾ ਸਾਧਨ

   10% ਬਿਆਨਾ ਰਕਮ------------ਡਰਾਫਟ ਨੰ:-------------ਮਿਤੀ-----------
   ਬੈਂਕ ਦਾ ਨਾਂ------------------
7. ਲਾਲ ਕਾਰਡ ਨੰ: ਅਤੇ ਮਿਤੀ
8. ਲਾਲ ਕਾਰਡ ਕਿਸ ਅਥਾਰਿਟੀ ਵਲੋ ਜਾਰੀ ਕੀਤਾ ਗਿਆ ਹੈ ਅਤੇ ਲਾਲ ਕਾਰਡ ਦੀ ਤਸਦੀਕ ਸ਼ੁਦਾ ਕਾਪੀ ਨੱਥੀ ਕੀਤੀ ਜਾਵੇ।
9. ਕੀ ਸਿੱਖ ਦੰਗਾ ਪੀੜਤ ਹੋਣ ਦੇ ਨਾਤੇ ਕਿਸੇ ਰਾਜ/ਕੇਂਦਰੀ ਸਰਕਾਰ ਵਲੋਂ ਕੋਈ ਵਿੱਤੀ ਲਾਭ ਪ੍ਰਾਪਤ ਕੀਤਾ ਗਿਆ ਹੈ। ਜੇਕਰ ਲਾਭ ਪ੍ਰਾਪਤ ਕੀਤਾ ਗਿਆ ਹੈ ਤਾਂ ਉਸ ਦਾ ਪੂਰਾ ਵੇਰਵਾ ਦਿੱਤਾ ਜਾਵੇ?
10. ਦੰਗੇ ਹੋਣ ਤੋਂ ਬਾਅਦ ਪੰਜਾਬ ਵਿੱਚ ਰਹਿਣ ਦੀ ਮਿਤੀ ਸਮੇਤ ਸਬੂਤ ਵਜੋਂ ਰਾਸ਼ਨ ਕਾਰਡ ਦੀ ਤਸਦੀਕ-ਸ਼ੁਦਾ ਕਾਪੀ ਜਾਂ ਕੋਈ ਹੋਰ ਦਸਤਾਵੇਜ਼ ਜੋ ਕਿ ਰਿਹਾਇਸ਼ ਦੀ ਪੁਸ਼ਟੀ ਕਰਦਾ ਹੋਵੇ।
11. ਕੀ ਸਿੱਖ ਦੰਗਾ ਪੀੜਤ ਹੋਣ ਦੇ ਨਾਤੇ ਆਪ ਨੂੰ ਜਾਂ ਆਪ ਦੀ ਫੈਮਲੀ ਨੂੰ ਕਿਸੇ ਅਥਾਰਿਟੀ ਵਲੋ ਭਾਰਤ ਵਿੱਚ ਪਹਿਲਾਂ ਕੋਈ ਬੂਥ/ਐਸ.ਸੀ.ਐਫ./ਐਸ.ਸੀ.ਓ ਜਾਂ ਕਿਸੇ ਹੋਰ ਵਪਾਰਕ ਸਾਈਟ ਦੀ ਅਲਾਟਮੈਂਟ ਹੋਈ ਹੈ ਜਾਂ ਨਹੀ। ਜੇਕਰ ਹਾਂ ਤਾਂ ਇਸ ਦਾ ਪੂਰਾ ਵੇਰਵਾ ਦਿੱਤਾ ਜਾਵੇ।
12. ਕੀ ਸਿੱਖ ਦੰਗਾ ਪੀੜਤ ਹੋਣ ਦੇ ਨਾਤੇ ਆਪ ਜਾਂ ਆਪ ਤੇ ਆਸ਼ਿਰਤ ਪ੍ਰੀਵਾਰ ਦੇ ਮੈਂਬਰ ਨੂੰ ਕਿਸੇ ਅਥਾਰਟੀ ਵੱਲੋਂ ਕੋਈ ਮਕਾਨ ਜਾਂ ਪਲਾਟ ਦੀ ਅਲਾਟਮੈਂਟ ਹੋਈ ਹੈ ਜਾਂ ਨਹੀਂ। ਜੇਕਰ ਹੋਈ ਹੈ ਤਾਂ ਉਸਦਾ ਪੂਰਾ ਵੇਰਵਾ ਦਿੱਤਾ ਜਾਵੇ।
13. ਸਿੱਖ ਦੰਗਾਂ ਪੀੜਤ ਸ੍ਰੇਣੀ ਅਧੀਨ ਭਾਰਤ ਵਿਚ ਕੋਈ ਬੂਥ/ਐਸ.ਸੀ.ਐਫ./ਐਸ.ਸੀ.ਓ. ਅਲਾਟ ਨਾ ਹੋਣ ਸਬੰਧੀ ਨੱਥੀ ਪ੍ਰੋਫਾਰਮੇ ਤੇ ਨੋਟਰੀ ਤੋਂ ਤਸਦੀਕ-ਸ਼ੁਦਾ ਹਲਫਿਆ ਬਿਆਨ ਪੇਸ਼ ਕੀਤਾ ਜਾਵੇਗਾ।
14. ਸਿੱਖ ਦੰਗਾਂ ਪੀੜਤ ਕਿਸ ਮੂਲ ਰਾਜ ਨਾਲ ਸਬੰਧਤ ਹੈ।
15. ਸਬੰਧਤ ਡਿਪਟੀ ਕਮਿਸ਼ਨਰ ਦਾ ਤਸਦੀਕ-ਸ਼ੁਦਾ ਸਰਟੀਫਿਕੇਟ ਨੱਥੀ ਹੈ।

---------------------
ਬਿਨੈਕਾਰ ਦੇ ਹਸਤਾਖਰ

ਹਲਫਿਆ ਬਿਆਨ

ਮੈਂ---------------------- ਪੁਤਰ/ਪੁਤਰੀ/ਪਤਨੀ/------------------- ਉਮਰ --- ਵਾਸੀ -------------------------ਰਹਿਣ ਵਾਲੀ/ਵਾਲਾ ਹਾਂ ਅਤੇ ਹੇਠ ਲਿਖੇ ਅਨੁਸਾਰ ਬਿਆਨ ਕਰਦੀ/ਕਰਦਾ ਹਾਂ-

1. ਇਹ ਕਿ ਬਿਨੈ-ਪੱਤਰ ਵਿਚ ਦਿੱਤੀ ਸੂਚਨਾ ਮੇਰੀ ਜਾਣਕਾਰੀ ਮੁਤਾਬਿਕ ਬਿਲਕੁਲ ਸਹੀ ਹੈ ਅਤੇ ਇਸ ਵਿਚ ਕੋਈ ਵੀ ਗੱਲ ਛੁਪਾਈ ਨਹੀ ਗਈ ਹੈ।
2. ਇਹ ਕਿ ਮੇਰੀ ਫੈਮਲੀ ਦੀ ਸਾਰੇ ਸਾਧਨਾਂ ਤੋਂ ਆਮਦਨ__________ ਰੁਪਏ ਪ੍ਰਤੀ ਮਹੀਨਾ ਹੈ।
3. ਇਹ ਕਿ ਮੈਂ ਸਿੱਖ ਦੰਗਾਂ ਪੀੜਤ ਹਾਂ ਅਤੇ ਡਿਪਟੀ ਕਮਿਸ਼ਨਰ--------- ਵਲੋਂ ਰਫ਼ ਕਾਰਡ ਜਾਰੀ ਕੀਤਾ ਗਿਆ ਹੈ।
4. ਇਹ ਕਿ ਮੈਂ ਸਾਲ 1986 ਤੋਂ ਲਗਾਤਾਰ ਪੰਜਾਬ ਵਿੱਚ ਰਹਿ ਰਿਹਾ ਹਾਂ।
5. ਇਹ ਕਿ ਮੇਰੇ ਜਾਂ ਮੇਰੇ ਤੇ ਆਸ਼ਿਰਤ ਪ੍ਰੀਵਾਰ ਵੱਲੋਂ ਸਿੱਖ ਦੰਗਾ ਪੀੜਤ ਕੈਟਾਗਿਰੀ ਅਧੀਨ ਬੂਥ ਐਸ ਸੀ ਓ /ਐਸ ਸੀ ਐਫ. ਜਾਂ ਕੋਈ ਹੋਰ ਵਪਾਰਕ ਸਾਈਟ ਦੀ ਅਲਾਟਮੈਂਟ ਦਾ ਕੋਈ ਵੀ ਲਾਭ ਪ੍ਰਾਪਤ ਨਹੀਂ ਕੀਤਾ ਗਿਆ ਹੈ।
6. ਇਹ ਕਿ ਮੇਰੇ ਜਾਂ ਮੇਰੇ ਤੇ ਆਸ਼ਿਰਤ ਪ੍ਰੀਵਾਰ ਦੇ ਨਾਮ ਤੇ ਸ਼ਹਿਰੀ ਮਿਲਖ ਮੋਹਾਲੀ ਵਿਖੇ ਕੋਈ ਵੀ ਕਮਰਸ਼ੀਅਲ ਸਾਈਟ ਨਹੀਂ ਹੈ।
7. ਇਹ ਕਿ ਮੈਨੂੰ ਸਰਕਾਰ ਤੋਂ ਬਤੌਰ ਦੰਗਾ ਪੀੜਤ____________ ਰੁਪਏ ਦੀ ਗਰਾਂਟ ਮਿਲੀ ਹੈ।

ਬਿਆਨ ਕਰਤਾ

<u>ਵੈਰੀਫਿਕੇਸ਼ਨ:</u>

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਦਿੱਤੀ ਗਈ ਸੂਚਨਾ ਮੇਰੀ ਜਾਣਕਾਰੀ ਮੁਤਾਬਿਕ ਬਿਲਕੁਲ ਸਹੀ ਹੈ ਅਤੇ ਇਸ ਵਿਚ ਕੋਈ ਵੀ ਗੱਲ ਛੁਪਾਈ ਨਹੀ ਗਈ ਹੈ।

ਬਿਆਨ ਕਰਤਾ

# ਸਰਟੀਫਿਕੇਟ

ਤਸਦੀਕ ਕੀਤਾ ਜਾਂਦਾ ਹੈ ਕਿ ਸ਼੍ਰੀ/ਸ਼੍ਰੀਮਤੀ ........................ ਪੁੱਤਰ/ਪੁੱਤਰੀ/ਪਤਨੀ ਸ਼੍ਰੀ ................................ ਵਾਸੀ ................................ ........................... ਅਸਲ ਵਿੱਚ ਦੰਗਾ ਪੀੜਤ ਹੈ ਅਤੇ ਇਸ ਦਾ ਰੈੱਡ ਕਾਰਡ ਨੰ:.................... ਹੈ। ਇਹ ਸਾਲ 1984 ਵਿੱਚ ਹੋਏ ਦੰਗਿਆ ਦੌਰਾਨ ............ ਸ਼ਹਿਰ ਤੋਂ ਉੱਜੜ ਕੇ ਪੰਜਾਬ ਆਇਆ ਹੈ ਅਤੇ ਸਾਲ 1986 ਤੋਂ ਲਗਾਤਾਰ ਪੰਜਾਬ ਦੇ ............ ਜਿਲ੍ਹੇ ਵਿੱਚ ਰਹਿ ਰਿਹਾ ਹੈ :-

ਇਸ ਜਾਂ ਇਸ ਦੇ ਆਸ਼ਰਿਤ ਪਰਿਵਾਰ ਦੇ ਕਿਸੇ ਮੈਂਬਰ ਵਲੋਂ ਬਤੌਰ ਦੰਗਾ ਪੀੜਤ ਕੋਟੇ ਵਿਚੋਂ ਮਕਾਨ/ਪਲਾਟ/ਫਲੈਟ/ਬੂਥ ਦੀ ਅਲਾਟਮੈਂਟ ਸਬੰਧੀ ਕੋਈ ਲਾਭ ਪ੍ਰਾਪਤ ਨਹੀਂ ਕੀਤਾ ਗਿਆ ਹੈ।

ਜਾਂ

ਇਸ ਜਾਂ ਇਸ ਦੇ ਆਸ਼ਰਿਤ ਪਰਿਵਾਰ ਦੇ ਕਿਸੇ ਮੈਂਬਰ ਵਲੋਂ ਬਤੌਰ ਦੰਗਾ ਪੀੜਤ ਕੋਟੇ ਵਿਚੋਂ ਮਕਾਨ/ਪਲਾਟ/ਫਲੈਟ ਨੰ: ...........ਕੈਟਾਗਰੀ.............ਸਟੇਸ਼ਨ ਵਿਖੇ ਅਲਾਟ ਕੀਤਾ ਕੀਤਾ ਗਿਆ।

ਇਹ ਪੰਜਾਬ ਸਰਕਾਰ ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ ਦੇ ਮੀਮੋ ਨੰ: 3/3/2008-2 ਡੀ.ਐਮ.3/6441 ਮਿਤੀ 17.8.2009 ਰਾਹੀਂ ਪ੍ਰਾਪਤ ਹੋਈਆ ਹਦਾਇਤਾਂ ਅਨੁਸਾਰ ਪੁੱਡਾ ਵਲੋਂ ਪਟਿਆਲਾ ਵਿਖੇ ਬੂਥ ਸਾਈਟ ਦੀ ਅਲਾਟਮੈਂਟ ਕਰਨ ਲਈ ਕੱਢੀ ਜਾਣੀ ਸਕੀਮ ਵਿੱਚ ਦੰਗਾ ਪੀੜਤ ਕੋਟੇ ਵਿਚੋਂ ਬੂਥ ਅਪਲਾਈ ਕਰਨ ਲਈ ਯੋਗ ਹੈ।

ਡਿਪਟੀ ਕਮਿਸ਼ਨਰ